# ਡਾਕਟਰ ਪਲਟਾ

# ਪਾਤਰ

ਪਿਆਰਾ ਸਿੰਘ ਪਲਟਾ — ਦੰਦਾਂ ਦਾ ਡਾਕਟਰ

ਸਤਵੰਤ ਕੌਰ — ਉਸ ਦੀ ਪਤਨੀ

ਦਿਵਾਨ ਝੰਡਾ ਸਿੰਘ — ਮਾਲਕ ਮਕਾਨ

ਸਰੂਪ — ਡਾਕਟਰ ਦਾ ਦੋਸਤ

ਟੈਲੀਫ਼ੋਨ ਵਾਲਾ —

# ਡਾਕਟਰ ਪਲਟਾ

ਦੰਦਾਂ ਦੇ ਡਾਕਟਰ ਪਿਆਰਾ ਸਿੰਘ 'ਪਲਟਾ' ਦਾ ਮਰੀਜ਼ ਦੇਖਣ ਵਾਲਾ ਕਮਰਾ। ਇਕ ਪਾਸੇ ਮਰੀਜ਼ਾਂ ਦੇ ਦੰਦ ਵੇਖਣ ਵਾਲੀ ਕੁਰਸੀ ਪਈ ਹੈ ਤੇ ਨਾਲ ਹੀ ਮਸ਼ੀਨ। ਮੇਜ਼ ਉੱਤੇ ਸ਼ੀਸ਼ੀਆਂ, ਔਜ਼ਾਰ, ਜਮੂਰ ਤੇ ਟੈਲੀਫ਼ੋਨ। ਸਟੋਵ ਬਲ ਰਿਹਾ ਹੈ, ਜਿਸ ਉਤੇ ਡੱਬੇ ਵਿਚ ਔਜ਼ਾਰ ਉਬਲ ਰਹੇ ਹਨ।

ਪਰਦਾ ਉਠਦਾ ਹੈ ਤਾਂ ਪਿਆਰਾ ਸਿੰਘ ਠਾਠਾ ਬੰਨ੍ਹੀ ਕੁਰਸੀ ਉਤੇ ਬੈਠਾ ਡਾਕਟਰੀ ਦੀ ਇਕ ਮੋਟੀ ਕਿਤਾਬ ਫੋਲ ਰਿਹਾ ਹੈ। ਸਤਵੰਤ ਕੌਰ ਫ਼ਲਿੱਟ ਛਿੜਕ ਰਹੀ ਹੈ।

ਸਤਵੰਤ — ਹੁਣ ਠਾਠਾ ਲਾਹ ਦਿਉ, ਬਥੇਰਾ ਚਿਰ ਹੋ ਗਿਆ ਹੈ !

ਡਾਕਟਰ — ਨਹੀਂ, ਹਾਲੇ ਦਾੜ੍ਹੀ ਠੀਕ ਤਰ੍ਹਾਂ ਪ੍ਰੈੱਸ ਨਹੀਂ ਹੋਈ ।

ਸਤਵੰਤ — ਤਿੰਨ ਘੰਟੇ ਹੋ ਗਏ ਨੇ ਏਸੇ ਤਰ੍ਹਾਂ ਘੁਗੂ ਵੱਟਾ ਬਣੇ ਬੈਠਿਆਂ ਨੂੰ । ਤਦੇ ਤਾਂ ਕੋਈ ਮਰੀਜ਼ ਨਹੀਂ ਵੜਦਾ ।

ਡਾਕਟਰ — ਜਦ ਕੋਈ ਮਰੀਜ਼ ਆਉਂਦਾ ਹੈ ਤਾਂ ਤੂੰ ਦੇਖਿਆ ਹੈ ਕਦੀ ਇਹ ਠਾਠਾ ? ਮੇਰੇ ਵਾਲ ਈ ਰਤਾ ਕੁਢੱਬੇ ਨੇ । ਐਨੀਂ ਫ਼ਿਕਸੋ ਲਾਈ ਏ, ਪਰ.. ......।

ਸਤਵੰਤ — ਹਾਂ ਫ਼ਿਕਸੋ ! ਮੈਂ ਵੇਖੀ ਸੀ ਉਹ ਗੂੰਦ ।

ਡਾਕਟਰ — ਗੂੰਦ ? ਪੂਰੇ ਤਿੰਨ ਰੁਪਏ ਖ਼ਰਚੇ ਸਨ । ਵਧੀਆ ਸ਼ੀਸ਼ੀ ਏ ।

ਸਤਵੰਤ — (ਕੋਲ ਜਾ ਕੇ ਸੁੰਘਦੀ ਹੈ) ਹਾਏ ਹਾਏ ! ਕੋਰੀ ਗੂੰਦ !

ਡਾਕਟਰ — ਬਸ ਤਿੰਨ ਮਿੰਟ ਪਿਛੋਂ ਠਾਠਾ ਲਾਹ ਸੁਟਾਂਗਾ ।

ਸਤਵੰਤ — ਮੈਂ ਤਸਾਂ ਨੂੰ ਐਨੀ ਵਾਰ ਆਖਿਆ ਏ ਕਿ ਏਸ ਕਮਰੇ ਵਿਚ ਠਾਠਾ ਬੰਨ੍ਹ ਕੇ ਨਾ ਬੈਠਿਆ ਕਰੋ ।

ਡਾਕਟਰ — ਹਲਾ, ਛੇਤੀ ਛੇਤੀ ਫ਼ਲਿਟ ਛਿੜਕ ਦੇ, ਮਰੀਜ਼ਾਂ ਦੇ ਆਉਣ ਦਾ ਵੇਲਾ ਏ ।

ਸਤਵੰਤ — ਹੂੰਹ ! ਆ ਚੁਕਿਆ ਮਰੀਜ਼ । ਏਸ ਤਰ੍ਹਾਂ ਨਿਤ ਮਰੀਜ਼ ਦੀ ਉਡੀਕ ਕਰਦੇ ਕਰਦੇ ਤੁਸੀਂ ਆਪ ਮਰੀਜ਼ ਹੋ ਗਏ ਓ । ਦੇਖੋ ਨਾ, ਕੇਡੇ ਮਾੜੇ ਦਿੱਸਦੇ ਓ ।

ਡਾਕਟਰ — (ਆਪਣੇ ਮੂੰਹ ਨੂੰ ਟੋਹ ਕੇ) ਹਲਾ ? ਪਹਿਲਾਂ ਪਹਿਲ ਏਕਰ ਹੀ ਹੁੰਦਾ ਏ । ਵਡੇ ਵਡੇ ਸ਼ਾਇਰ, ਲੀਡਰ ਤੇ ਡਾਕਟਰ ਪਹਿਲਾਂ ਪਹਿਲਾਂ ਭੁੱਖੇ ਈ ਮਰਦੇ ਹਨ । ਡਾਕਟਰ ਬੇਲੀ ਰਾਮ ਦਾ ਨਾਉਂ ਸੁਣਿਆ ਏ ਤੂੰ ? ਜਦੋਂ ਉਸ ਦੁਕਾਨ ਖੋਲ੍ਹੀ ਸੀ ਤਾਂ ਸ਼ੁਰੂ ਵਿਚ ਛੇ ਮਹੀਨੇ ਕੋਈ ਮਰੀਜ਼ ਨਹੀਂ ਸੀ ਵੜਿਆ ।

ਸਤਵੰਤ — (ਫ਼ਲਿਟ ਛਿੜਕਦੀ ਹੈ) ਉਫ ਕਿੰਨਾਂ ਮੱਛਰ !

[ਕੁਝ ਯਾਦ ਕਰਕੇ ਉਹ ਫਲਿਟ ਛਿੜਕਨਾ ਬੰਦ ਕਰ ਦਿੰਦੀ ਹੈ ਅਤੇ ਡਾਕਟਰ ਕੋਲ, ਜਿਹੜਾ ਮੁੜ ਕਿਤਾਬ ਪੜ੍ਹਨ ਲੱਗ ਪਿਆ ਹੈ, ਆ ਕੇ ਖਲੋ ਜਾਂਦੀ ਹੈ।

ਡਾਕਟਰ — (ਸਿਰ ਚੁਕ ਕੇ) ਕੀ ?

ਸਤਵੰਤ — ਧੋਬੀ ਆਇਆ ਸੀ। ਹੁਣ ਉਸ ਦੀ ਧੁਲਾਈ ਦਣੀ ਏ ਕਿ ਛੱਜੂ ਵਾਂਗ ਉਸ ਨੂੰ ਵੀ ਟਰਕਾਈ ਰਖਣਾ ਏਂ।

ਡਾਕਟਰ — ਕਿਉਂ — ਛੱਜੂ ਨੂੰ ਕੀ ?

ਸਤਵੰਤ — ਮਹੀਨਾ ਭਰ ਉਸ ਦੀ ਹੱਟੀ ਦਾ ਉਧਾਰ ਖਾਧਾ । ਭਾਵੇਂ ਸੱਤ ਅਠ ਰੁਪਏ ਹੀ ਸਨ, ਪਰ ਉਹ ਤਾਂ ਵਹੀ ਚੁੱਕ ਕੇ ਨਿਤ ਆ ਵੜਦਾ ਸੀ। ਮੈਂ ਤਾਂ ਮਹੱਲੇ ਵਾਲਿਆਂ ਨੂੰ ਮੂੰਹ ਨਹੀਂ ਸੀ ਦਿਖਾ ਸਕਦੀ। ਉਸ ਫੇਰੇ ਪਾ ਪਾ ਕੇ ਸਾਡੀ ਦਲ੍ਹੀਜ਼ ਨੀਵੀਂ ਕਰ ਦਿਤੀ। ਬਾਣੀਆ ਸੀ, ਏਸੇ ਲਈ ਤੁਹਾਡੇ ਕੋਲੋਂ ਡਰਦਾ ਰਿਹਾ, ਪਰ ਇਹ ਰਮਜ਼ਾਨ ਧੋਬੀ ਤਾਂ —

ਡਾਕਟਰ — ਹਾਂ, ਹਾਂ, ਮੈਨੂੰ ਪਤਾ ਏ। ਅੱਜ ਇਕ ਮਰੀਜ਼ ਨੇ ਆਉਣਾ ਏ। ਉਸ ਦਾ ਕੇਸ ਤਿਆਰ ਕਰ ਰਿਹਾ ਹਾਂ।

ਸਤਵੰਤ — ਸਾਡੇ ਭਾਗਾਂ ਵਿਚ ਮਰੀਜ਼ ਕਿਥੇ !

ਡਾਕਟਰ — (ਆਸ ਦੀਆਂ ਨਜ਼ਰਾਂ ਨਾਲ) ਜੇ ਮੇਰੀ ਇਕ ਗੱਲ ਮੰਨੇਂ ...

ਸਤਵੰਤ — ਤੁਹਾਡੀਆਂ ਗੱਲਾਂ ਮੰਨਦੀ ਨੂੰ ਤਾਂ ਆਹ ਦਿਨ ਆ ਗਏ ਨੇ। ਐਡਾ ਅਠਾਰਾਂ ਫ਼ੁਟ ਦਾ ਫੱਟਾ ਲਗਿਆ ਏ ਬਾਹਰ — ਡਾਕਟਰ ਪਿਆਰਾ ਸਿੰਘ ਪਲਟਾ । ਪਰ ਖ਼ੌਰੇ ਮਰੀਜ਼ਾਂ ਦਾ ਇਥੇ ਆਉਂਦਿਆਂ ਸਾਹ ਨਿਕਲਦਾ ਏ । ਕੋਈ ਕਿਹੜਾ ਅੰਦਰ ਵੜਦਾ ਏ । (ਲੰਮਾ ਸਾਹ ਭਰ ਕੇ) ਜੇ ਤੁਸੀਂ ਮੇਰੀ ਗੱਲ ਮੰਨਦੇ ...

ਡਾਕਟਰ — (ਉਤਾਵਲੇ) ਕੀ ?

ਸਤਵੰਤ — ਏਸ ਤੋਂ ਚੰਗਾ ਤਾਂ ਦੁੱਧ ਦਹੀਂ ਦੀ ਦੁਕਾਨ ਖੋਲ੍ਹ ਲਓ. ਤੁਹਾਡੀ ਦੇਹ ਸੁੱਕ ਗਈ ਏ। ਦੁੱਧ ਪੀ ਕੇ ਕੁਝ ਸੇਹਤ ਬਣਾਈ ਹੁੰਦੀ। ਚਾਂਦਨੀ ਚੌਕ ਵਿਚ ਸੁਜਾਨ ਸਿੰਘ ਦੀ ਹੱਟੀ ਕੇਡੀ ਚੱਲ ਨਿਕਲੀ ਏ। ਦਹੀਂ ਦੇ ਵੀਹ ਕੂੰਡੇ ਰੋਜ਼ ਲਗ ਜਾਂਦੇ ਹਨ। ਅੰਨ੍ਹੀ ਖੱਟੀ ਏ। ਮੈਂ ਸ਼ਰਤ ਲਾਉਂਦੀ ਆਂ ਕਿ ਤੁਹਾਡੀ ਦੁੱਧ ਦਹੀਂ ਦੀ ਹੱਟੀ ...

ਡਾਕਟਰ — ਚੁਪ, ਚੁਪ। ਕੱਲ੍ਹ ਜਿਹੜਾ ਮਰੀਜ਼ ਮਿਲਿਆ ਸੀ, ਉਸ ਦੇ ਆਉਣ ਦਾ ਵੇਲਾ ਏ। ਮੈਂ ਤੈਨੂੰ ਦਿਖਾ ਦਿਆਂਗਾ ਕਿ ਡਾਕਟਰੀ ਵਿਚ ਮੇਰੀ ਪ੍ਰੈਕਟਿਸ ਕਿੰਨੀ ਚਲਦੀ ਏ। ਜੇ ਨਾ ਸੁਜਾਨ ਸਿੰਘ ਦੀ ਹੱਟੀ ਭੁੱਲ ਜਾਵੇਂ। ਪਰ ਏਸ ਲਈ ਰਤਾ ਸਬਰ ਦੀ ਲੋੜ ਏ ।

ਸਤਵੰਤ — ਸਬਰ ਸਬਰ ! ਕਿਸੇ ਗੱਲ ਲਈ ਪੈਸੇ ਮੰਗੋ, ਸਬਰ ! ਅੱਜ ਏਸ ਧੋਬੀ ਦੇ ਪੈਸੇ ਜ਼ਰੂਰ ਦੇ ਦੇਣਾ। ਬੜਾ ਝਗੜਾਲੂ ਆਦਮੀ ਏ। ਪਠਾਣ ਏ ਪਠਾਣ।

ਡਾਕਟਰ — ਪਠਾਣ ਏ ਤਾਂ ਕੀ ਹੋਇਆ ? (ਮੁੱਛਾਂ ਨੂੰ ਵੱਟ ਦਿੰਦੇ ਹੋਏ) ਤੈਨੂੰ ਯਾਦ ਏ, ਚਾਰ ਵਰ੍ਹੇ ਪਹਿਲਾਂ ਕਾਲਜ ਵਿਚ ਮੈਂ ਹਰੀ ਸਿੰਘ ਨਲੂਏ ਦਾ ਪਾਰਟ ਕੀਤਾ ਸੀ ਤਾਂ —

ਸਤਵੰਤ — (ਅੱਕ ਕੇ) ਹਾਂ — ਮੈਨੂੰ ਯਾਦ ਏ ਜੋ ਉਸ ਵੇਲੇ ਤੁਸੀਂ ਤੇਗਾਂ ਮਾਰੀਆਂ ਸਨ। ਇਹ ਹਰੀ ਸਿੰਘ ਨਲੂਏ ਦੀ ਕਥਾ ਤੁਸੀਂ ਮੈਨੂੰ ਵੀਹ ਵਾਰ ਸੁਣਾ ਚੁੱਕੇ ਓ। ਪਰ ਰਮਜ਼ਾਨ ਧੋਬੀ ਨੇ ਇਹ ਗੱਲ ਨਹੀਂ ਸੁਣਨੀ। ਉਹ ਪਠਾਣ ਏ।

ਡਾਕਟਰ — (ਗੁੱਸੇ ਵਿਚ) ਤਦੇ ਕਪੜੇ ਚੰਗੇ ਨਹੀਂ ਧੋਂਦਾ। ਦੇਖ, ਮੇਰੀ ਕਮੀਜ਼ ਉਕਾ ਪਾਣੀ ਵਿਚੋਂ ਕੱਢ ਕੇ ਨਪੀੜ ਸੁਟੀ ਏ। ਪਠਾਣ

ਤੋਂ ਵੀ ਕਦੇ ਕਪੜੇ ਧੋਤੇ ਗਏ ਨੇ । ਹਾਏ, ਕਪੜੇ ਧੋਂਦੇ ਨੇ ਇਹ ਪੂਰਬੀਏ । ਪਹਿਲਾਂ ਕੱਲੂ ਕਿੰਨੇ ਸੁਹਣੇ ਧੋਂਦਾ ਸੀ — ਖਿੱਲਾਂ ਵਾਂਗ ਚਿੱਟੇ । ਪਾ ਕੇ ਤਬੀਅਤ ਖ਼ੁਸ਼ ਹੋ ਜਾਂਦੀ ਸੀ । ਦੋ ਕੰਮ ਇਹ ਭਈਏ ਕਮਾਲ ਦਾ ਕਰਦੇ ਨੇ — ਘਾਹ ਖੋਤਰਣਾ ਤੇ ਕਪੜੇ ਧੋਣਾ । ਤੂੰ ਕੱਲੂ ਧੋਬੀ ਨੂੰ ਕਿਉਂ ਹਟਾ ਦਿਤਾ ? ਵਿਚਾਰਾ ਸ਼ਰੀਫ਼ ਆਦਮੀ ਸੀ । ਪੈਸਿਆਂ ਲਈ ਇਸ ਜਿੰਨ ਵਾਂਗ ਸਿਰ ਉਤੇ ਤਾਂ ਨਹੀਂ ਸੀ ਚੜ੍ਹ ਬੈਠਦਾ ।

ਸਤਵੰਤ — ਅਛਾ-ਅਛਾ-ਅਗੇ ਤੋਂ ਉਸ ਭਈਏ ਨੂੰ ਲਾ ਲਵਾਂਗੀ । ਪਰ ਇਹ ਪਿਛਲੇ ਪੈਸੇ ਤਾਂ ਚੁਕਾਣੇ ਪੈਣਗੇ ।

ਡਾਕਟਰ — ਅਜ ਇਕ ਆਦਮੀ ਨੇ ਦੰਦਾਂ ਦਾ ਸੈੱਟ ਲੈਣ ਆਉਣਾ ਏ । ਮੈਂ ਉਸ ਲਈ ਦੰਦ ਬਣਾ ਕੇ ਰੱਖੇ ਹਨ । ਸ਼ਾਮ ਨੂੰ ਧੋਬੀ ਦੇ ਪੈਸੇ ਚੁਕਾ ਦਵਾਂਗਾ ।

ਸਤਵੰਤ — ਹਾਂ, ਇਹ ਕਰਜ਼ ਤਾਂ ਲਾਹੋ । ਹੁਣ ਮੈਂ ਆਪ ਕਪੜੇ ਧੋ ਲਿਆ ਕਰਾਂਗੀ । ਦੋ ਸੋਟੇ ਮਾਰੇ, ਰਤਾ ਨੀਲ ਲਾਇਆ ਤੇ ਇਸਤਰੀ ਕਰ ਲਏ । ਆਖ਼ਿਰ ਕਪੜੇ ਧੋਣ ਵਿਚ ਹੈ ਈ ਕੀ । ਪਰ ਹਾਏ, ਤੁਹਾਡੇ ਕੋਲ ਕਪੜੇ ਹੈਨ ਈ ਕਿਹੜੇ । ਇਕ ਪਤਲੂਨ ਜਿਸ ਨੂੰ ਤਿੰਨ ਟਾਕੀਆਂ ਲਗੀਆਂ ਹੋਈਆਂ ਹਨ । ਇਸ ਨੂੰ ਸਿਉਂ ਸਿਉਂ ਕੇ ਮੇਰੇ ਪੋਟੇ ਰਹਿ ਗਏ ਨੇ । ਮੈਂ ਆਪ ਪਿਛਲੇ ਸਾਲ ਤੋਂ ਕਪੜਿਆਂ ਲਈ ਤਰਸ ਗਈ ਆਂ । ਬਸ ਉਹੀ ਘਟੀਆ ਜਿਹੀ ਮੁਚੜੀ ਹੋਈ ਚੁੰਨੀ । ਵਿਆਹ ਤੋਂ ਪਹਿਲਾਂ ਆਖਦੇ ਸਉ ਹਰ ਗਰਮੀ ਅਸੀਂ ਕਸ਼ਮੀਰ ਚਲਿਆ ਕਰਾਂਗੇ । ਮੈਂ ਤੈਨੂੰ ਨਿਤ ਨਵੇਂ ਸੂਟ, ਨਵੇਂ ਕਪੜੇ, ਨਵੇਂ ਡੀਜ਼ਾਈਨ ਦੀ ਸੈਂਡਲ ਲੈ ਕੇ ਦਿਆ ਕਰਾਂਗਾ । ਪਰ ਇਥੇ ਇਹਨਾਂ ਠਿੱਬੇ ਛਿੱਤਰਾਂ ਬਾਝੋਂ ਕਦੇ ਕੁਝ ਨਹੀਂ ਜੁੜਿਆ ।

ਡਾਕਟਰ — ਮੈਂ ਕਰਾਂ ਵੀ ਕੀ ? ਇਸ ਦਿੱਲੀ ਸ਼ਹਿਰ ਵਿਚ ਐਨੇ ਲੋਕ ਬਿਮਾਰ ਪੈਂਦੇ ਹਨ । ਹੈਜ਼ਾ, ਮਲੇਰੀਆ, ਜ਼ੁਕਾਮ, ਪਲੇਗ — ਪਰ ਕਿਸੇ ਦਾ ਦੰਦ ਨਹੀਂ ਦੁਖਦਾ। ਸਾਡੇ ਲੋਕਾਂ ਦੇ ਦੰਦ ਹੁੰਦੇ ਵੀ ਬੜੇ ਮਜ਼ਬੂਤ ਨੇ। ਬਸ ਇਕੋ ਚੀਜ਼ ਸਾਡੇ ਲੋਕਾਂ ਕੋਲ ਹੈ : ਦੰਦ। ਅੰਗਰੇਜ਼ ਵੀ ਇਸ ਗੱਲ ਨੂੰ ਮੰਨਦਾ ਸੀ ਤੇ ਆਖਦਾ ਸੀ ਪਈ ਹਿੰਦੁਸਤਾਨੀਆਂ ਦੇ ਦੰਦ ਬੜੇ ਮਜ਼ਬੂਤ ਹਨ। ਅਖ਼ਰੋਟ, ਬਦਾਮ, ਖ਼ੁਰਮਾਨੀ ਦੀ ਗਿਟਕ ਤੀਕ ਦੰਦਾਂ ਨਾਲ ਹੀ ਤੋੜ ਲੈਂਦੇ ਹਨ। ਏਸੇ ਲਈ ਇਥੇ ਕੋਈ ਨਹੀਂ ਵੜਦਾ। ਦਿੱਲੀ ਹੈ ਈ ਅਜਿਹਾ ਸ਼ਹਿਰ ! ਲੋਕ ਅਸਲੋਂ ਕੰਜੂਸ ! ਉਹ ਦੇਖਿਆ ਸੀ ਬਾਊ। ਮੈਂ ਉਸ ਦਾ ਦੰਦ ਕਢਿਆ, ਆਖਣ ਲਗਾ, 'ਜੀ ਮੈਂ ਤਾਂ ਚਾਰ ਆਨੇ ਦਵਾਂਗਾ। ਤੁਸੀਂ ਕੀਤਾ ਹੀ ਕੀ ਏ ? ਮੇਰੇ ਮੂੰਹ ਵਿਚੋਂ ਕੁਝ ਕਢਿਆ ਈ ਏ, ਪਾਇਆ ਤਾਂ ਕੁਝ ਨਹੀਂ ਨਾ। ਕੋਈ ਦਵਾ ਨਹੀਂ, ਕੋਈ ਦਾਰੂ ਨਹੀਂ, ਕੋਈ ਬੂਟੀ ਨਹੀਂ, ਕੋਈ ਸ਼ੀਸ਼ੀ ਨਹੀਂ। ਬੱਸ ਜਮੂਰ ਨਾਲ ਖਿੱਚ ਕੇ ਦੰਦ ਕੱਢ ਦਿਤਾ। ਚਾਰ ਆਨੇ ਥੋੜੇ ਨੇ ?'

ਸਤਵੰਤ — ਤੁਸੀਂ ਪੜ੍ਹਾਈ ਵੀ ਤਾਂ ਦੰਦਾਂ ਦੀ ਹੀ ਕੀਤੀ। ਜੇ ਕਿਤੇ ਅੱਖਾਂ ਦਾ ਇਮਤਿਹਾਨ ਪਾਸ ਕਰਦੇ ਤੇ ਬਾਹਰ ਲਿਖਿਆ ਹੁੰਦਾ : 'ਅੱਖਾਂ ਦਾ ਵੱਡਾ ਹਸਪਤਾਲ' — ਤਾਂ ਇਹ ਸਾਰਾ ਬਰਾਂਡਾ ਹਰੀਆਂ ਪੱਟੀਆਂ ਵਾਲਿਆਂ ਨਾਲ ਭਰਿਆ ਹੁੰਦਾ। ਤੁਹਾਡੇ ਸਾਮ੍ਹਣੇ ਈ ਉਸ ਕਾਣੇ ਡਾਕਟਰ ਨੇ ਅੱਖਾਂ ਠੀਕ ਕਰਨ ਦੀ ਦੁਕਾਨ ਖੋਲ੍ਹੀ ਏ। ਹਰ ਵੇਲੇ ਅੰਨ੍ਹਿਆਂ ਦੀ ਭੀੜ ਲਗੀ ਰਹਿੰਦੀ ਏ — ਕਿਸੇ ਨੂੰ ਕੁਕਰੇ ਨੇ, ਕਿਸੇ ਨੂੰ ਫੋਲਾ, ਕਿਸੇ ਨੂੰ ਮੋਤੀਆ। ਸੌ ਬਿਮਾਰੀਆਂ। ਪਰ ਇਥੇ ਦੰਦਾਂ ਦਾ ਡਾਕਟਰ ! ਜੇ ਕਿਸੇ ਦਾ ਇਕ ਅੱਧਾ ਦੰਦ ਟੁੱਟ ਵੀ ਜਾਏ ਤਾਂ ਕੋਈ ਪ੍ਰਵਾਹ

ਈ ਨਹੀਂ ਕਰਦਾ। ਵਾਹਿਗੁਰੂ ਨੇ ਦਿਤੇ ਵੀ ਤਾਂ ਸੁਖ ਨਾਲ ਪੂਰੇ ਬੱਤੀ ਨੇ, ਦੋ ਚਾਰ ਦੰਦਾਂ ਦਾ ਕੀ ਲੇਖਾ।

ਡਾਕਟਰ — ਤੂੰ ਫ਼ਿਕਰ ਨਾ ਕਰ। ਜੇ ਦਿਨਾਂ ਵਿਚ ਈ ਨਾ ਡਾਕਟਰ ਪਿਆਰਾ ਸਿੰਘ ਪਲਟਾ ਦਾ ਨਾਉਂ ਸਾਰੇ ਸ਼ਹਿਰ ਵਿਚ ਧੁਮ ਜਾਵੇ ! ਤੈਨੂੰ ਉਸ ਦਿਨ ਆਖਿਆ ਸੀ ਨਾ ਕਿ ਜੇ ਅਸੀਂ ਟੈਲੀਫ਼ੋਨ ਲਵਾ ਲਈਏ ਤਾਂ ਪ੍ਰੈਕਟਿਸ ਚੌਥੇ ਦਿਨ ਚਲ ਨਿਕਲੇਗੀ। ਇਹ ਛੇ ਮਹੀਨੇ ਮੈਂ ਐਵੇਂ ਈ ਗਾਲ ਦਿਤੇ। ਜੇ ਪਹਿਲੇ ਦਿਨ ਤੋਂ ਈ ਟੈਲੀਫ਼ੋਨ ਲਵਾ ਲੈਂਦਾ ਤਾਂ ਹੁਣ ਨੂੰ ਸਭ ਕੁਝ ਠੀਕ ਹੋਇਆ ਹੁੰਦਾ। (ਮੇਜ਼ ਉਤੇ ਪਏ ਹੋਏ ਟੈਲੀਫ਼ੋਨ ਨੂੰ ਹਿਲਾ ਕੇ) ਬਸ ਹੁਣ ...

ਸਤਵੰਤ — ਹੁਣ ਕੀ ?

ਡਾਕਟਰ — ਬੱਸ ਹੁਣ ਤੂੰ ਦੇਖਦੀ ਜਾ। ਇਹ ਟੈਲੀਫ਼ੋਨ ਫ਼ਿਟ ਹੋ ਗਿਆ ਏ, ਕਨੈਕਸ਼ਨ ਲੈਣ ਦੀ ਢਿੱਲ ਏ।

ਸਤਵੰਤ — ਦੇਖ ਲਵਾਂਗੀ ਟੈਲੀਫ਼ੋਨ ਲੱਗੇ ਤੋਂ।

ਡਾਕਟਰ — ਲੱਗੇ ਤੋਂ ਕੀ ? ਟੈਲੀਫ਼ੋਨ ਤਾਂ ਲੱਗ ਗਿਆ ਏ। ਮੈਂ ਸਭ ਦੋਸਤਾਂ ਨੂੰ ਆਖ ਦਿਤਾ ਏ ਕਿ ਟੈਲੀਫ਼ੋਨ ਲੱਗ ਗਿਆ ਏ ... ਬੇਸ਼ੁਮਾਰ ਮਰੀਜ਼ਾਂ ਦੇ ਸੱਦੇ ਆਏ ਰਹਿੰਦੇ ਨੇ ... ਵਿਹਲ ਨਹੀਂ ਮਿਲਦੀ। ਭਲਾ ਤੂੰ ਈ ਦੱਸ, ਡਾਕਟਰ ਦੀ ਹੱਟੀ ਟੈਲੀਫ਼ੋਨ ਬਗ਼ੈਰ ਚੱਲ ਸਕਦੀ ਏ ਕਿਤੇ ? ਭਲੀਏ ਲੋਕੇ, ਇਸ ਦਿੱਲੀ ਵਿਚ ਸਾਰਾ ਵਪਾਰ ਟੈਲੀਫ਼ੋਨ ਉਤੇ ਈ ਹੁੰਦਾ ਏ। ਕੋਈ ਡਾਕਟਰ ਬਗ਼ੈਰ ਟੈਲੀਫ਼ੋਨ ਦੇ ਨਹੀਂ ਜੀ ਸਕਦਾ। ਗੌਰਮਿੰਟ ਵੀ ਟੈਲੀਫ਼ੋਨ ਸਭ ਤੋਂ ਪਹਿਲਾਂ ਡਾਕਟਰਾਂ ਨੂੰ ਈ ਦਿੰਦੀ ਏ।

ਸਤਵੰਤ — ਪਰ ਤੁਹਾਨੂੰ ਤਾਂ ਨਾ ਦਿਤਾ ਨਾ। ਤੁਹਾਨੂੰ ਤਾਂ ਪੂਰੇ ਦੋ ਹਜ਼ਾਰ ਕੌੜੇ ਕਰਨੇ ਪਏ। ਤੇ ਇਸ ਦੋ ਹਜ਼ਾਰ ਤਾਰਨ ਲਈ ਤੁਸੀਂ

'ਮੇਰਾ ਚੂੜੀ ਛੱਲਾ ਸਭ ਕੁਝ ਵੇਚ ਸੁਟਿਆ। ਹਾਏ! ਮੇਰੀਆਂ ਸੋਨੇ ਦੀਆਂ ਚੂੜੀਆਂ ਦਾ ਕਿੰਨਾਂ ਵਧੀਆ ਡਜ਼ਾਈਨ ਸੀ। ਪਰ ਤੁਸੀਂ ਅਜਿਹੇ ਟੈਲੀਫ਼ੋਨ ਦੇ ਮਗਰ ਪਏ ਕਿ ਮੈਨੂੰ ਹੱਥੋਂ ਕੰਨੋਂ ਬੁੱਟੀ ਕਰ ਦਿਤਾ। ਬੱਸ ਹੁਣ ਮੈਨੂੰ ਗਹਿਣੇ ਧਰ ਦਿਉ, ਏਸ ਦੀ ਕਸਰ ਏ — ਫੇਰ ਸ਼ਾਇਦ ਤੁਹਾਡੀ ਹੱਟੀ ਚੱਲ ਪਵੇ।

ਡਾਕਟਰ — ਕੋਈ ਗੱਲ ਨਹੀਂ। ਹੁਣ ਟੈਲੀਫ਼ੋਨ ਲੱਗ ਗਿਆ ਏ। ਮੈਂ ਤੈਨੂੰ ਏਸੇ ਟੈਲੀਫ਼ੋਨ ਦੇ ਸਦਕੇ ਮਹੀਨੇ ਵਿਚ ਈ ਚੂੜੀਆਂ ਬਣਵਾ ਦਵਾਂਗਾ। ਫ਼ਿਕਰ ਨਾ ਕਰ। ਪਰ ਏਸ ਲਈ ਤੈਨੂੰ ਇਕ ਕੰਮ ਕਰਨਾ ਪਵੇਗਾ।

ਸਤਵੰਤ — ਕੀ ?

ਡਾਕਟਰ — ਉਹ ਟਾਈਮ ਪੀਸ ਚੁਕ ਲਿਆ ਰਤਾ।

[ਸਤਵੰਤ ਟਾਈਮ ਪੀਸ ਚੁਕ ਕੇ ਲਿਆਂਦੀ ਹੈ।

ਸਤਵੰਤ — ਲਓ।

ਡਾਕਟਰ — ਵਜਦਾ ਏ ?

ਸਤਵੰਤ — ਹਾਂ। ਤੁਸੀਂ ਛੇ ਵਜੇ ਉਤੇ ਅਲਾਰਮ ਲਾਇਆ ਹੋਇਆ ਏ, ਪਰ ਤੜਕੇ ਉਠੇ ਕਦੀ ਨਹੀਂ। ਘੰਟੀ ਵੱਜ ਵੱਜ ਕੇ ਚੁਪ ਹੋ ਜਾਂਦੀ ਏ। ਮੈਂ ਤਾਂ ਆਖਨੀ ਆਂ, ਤੁਸੀਂ ਐਵੇਂ ਈ ਲਿਆਂਦਾ ਇਹ ਟਾਈਮ ਪੀਸ।

ਡਾਕਟਰ — ਗੱਲ ਤਾਂ ਸੁਣ। ਜਦ ਕੋਈ ਮਰੀਜ਼ ਬਾਹਰੋਂ ਕੁੰਡੀ ਖੜਕਾਵੇ, ਤੂੰ ਝਟ ਦੂਜੇ ਕਮਰੇ ਵਿਚ ਜਾ ਕੇ ਟਾਈਮ ਪੀਸ ਦਾ ਅਲਾਰਮ ਵਜਾ ਦਿਆ ਕਰੀਂ।

ਸਤਵੰਤ — ਇਸ ਦਾ ਕੀ ਫ਼ਾਇਦਾ ?

ਡਾਕਟਰ — ਜਦ ਕੋਈ ਮਰੀਜ਼ ਆਇਆ ਤਾਂ ਮੈਂ ਟੈਲੀਫੋਨ ਉਤੇ ਕਿਸੇ

ਨਾਲ ਗੱਲਾਂ ਕਰਨ ਲਗ ਪਿਆ ਕਰਾਂਗਾ। ਮਰੀਜ਼ ਸਮਝੇਗਾ ਕਿ ਮੈਂ ਬੜਾ ਮਸਰੂਫ ਆਂ। ਹਰ ਵੱਡੇ ਬਿਜ਼ਨਸ ਦਾ ਇਹੋ ਗੁਰ ਏ ਕਿ ਆਪਣਾ ਪੋਲ ਨਾ ਦੱਸੋ। ਇਹ ਵਡੇ ਵਡੇ ਬੈਂਕ, ਵਡੇ ਵਡੇ ਸੇਠ ਅੰਦਰੋਂ ਸਭ ਪੋਲਮ-ਪੋਲ ਹੁੰਦੇ ਹਨ, ਪਰ ਬਾਹਰੋਂ ਕਿਸੇ ਨੂੰ ਪਤਾ ਨਹੀਂ ਚਲਦਾ। ਬਿਜ਼ਨਸ ਵਿਚ ਲਾਖ ਜਾਵੇ, ਪਰ ਸਾਖ ਨਾ ਜਾਵੇ। ਏਹੋ ਗੱਲ ਡਾਕਟਰੀ ਵਿਚ ਏ। ਬੱਸ ਏਸੇ ਨਾਲ ਜੇ ਮੈਂ ਉਸ ਤੋਂ ਫ਼ੀਸ ਦੋ ਰੁਪਏ ਮੰਗਣੀ ਹੋਵੇ ਤਾਂ ਪੰਜ ਮੰਗਿਆਂ ਕਰਾਂਗਾ। ਚਾਬੀ ਦੇ ਕੇ ਦੇਖ।

ਸਤਵੰਤ — ਦੇਖਦੀ ਆਂ।

ਡਾਕਟਰ — ਲਿਆ ਮੈਨੂੰ ਦਿਖਾ।

ਸਤਵੰਤ — ਲਓ।

ਡਾਕਟਰ — (ਚਾਬੀ ਦੇ ਕੇ) ਹੁਣ ਘੰਟੀ ਵਜਾ ਕੇ ਦਿਖਾ।

ਸਤਵੰਤ — (ਅਲਾਰਮ ਦੀ ਘੰਟੀ ਵਜਾ ਕੇ) ਠੀਕ ਏ ਨਾ ?

ਡਾਕਟਰ — ਸ਼ਾਬਾਸ਼ !

[ਬਾਹਰੋਂ ਠੱਕ ਠੱਕ ਦੀ ਅਵਾਜ਼ ਆਉਂਦੀ ਹੈ।

ਲੈ ਹੁਣ ਛੇਤੀ ਦੂਜੇ ਕਮਰੇ ਵਿਚ ਜਾ – ਤੇ ਜਾ ਕੇ ਅਲਾਰਮ ਦੀ ਘੰਟੀ ਵਜਾ। ਮੈਂ ਟੈਲੀਫ਼ੋਨ ਚੁਕ ਲਵਾਂਗਾ। ਜਾ ਛੇਤੀ ਕਰ !

[ਠੱਕ ਠੱਕ।

(ਉੱਚੀ ਦੇਣੀ) ਠਹਿਰੋ ! ਵੇਟ ਪਲੀਜ਼ ! ਡਾਕਟਰ ਬਿਜ਼ੀ ! (ਪੋਲੇ ਜਿਹੇ) ਛੇਤੀ ਕਰ ... ਤੂੰ ਜਾਹ —

ਸਤਵੰਤ — (ਟਾਈਮ ਪੀਸ ਨੂੰ ਹੇਠਾਂ ਉਤੇ ਕਰ ਕੇ, ਛੇਤੀ ਛੇਤੀ) ਕੀ ਕਰਾਂ ? ਇਹ ਠੀਕ ਨਹੀਂ ਆਉਂਦਾ —

ਡਾਕਟਰ — (ਘਾਬਰੇ ਹੋਏ ਉਠ ਕੇ) ਘੰਟੀ ਨਹੀਂ ਵਜਦੀ ?

ਸਤਵੰਤ — ਨਾ ।

ਡਾਕਟਰ — ਲਿਆ ਮੈਂ ਠੀਕ ਕਰ ਦੇਵਾਂ ।

[ਠੱਕ ਠੱਕ ।

ਬਸ ਦੋ ਮਿੰਟ......ਦੋ ਮਿੰਟ......ਠਹਿਰੋ ! ਹੁਣੇ ਆਇਆ !

[ਘੰਟੀ ਠੀਕ ਕਰ ਕੇ ਸਤਵੰਤ ਨੂੰ ਟਾਈਮ-ਪੀਸ ਫੜਾਉਂਦਾ ਹੈ ।

(ਖੁਸ਼ੀ ਨਾਲ) ਮਰੀਜ਼ ਆ ਰਿਹਾ ਏ ! ਉਸ ਬੂਹੇ ਉਤੇ ਠੱਕ ਠੱਕ ਲਾ ਰਖੀ ਏ ! ਕੋਈ ਡਾਢਾ ਮਰੀਜ਼ ਏ — ! ਜ਼ਰੂਰ ਦਾੜ੍ਹ ਦੀ ਪੀੜ ਨਾਲ ਮਰ ਰਿਹਾ ਹੋਣਾ ਏ ! ਛੇਤੀ......ਛੇਤੀ......

[ਸਤਵੰਤ ਅੰਦਰ ਜਾਂਦੀ ਹੈ ਤੇ ਅਲ਼ਾਰਮ ਦੀ ਘੰਟੀ ਵਜਾਉਂਦੀ ਹੈ ।

ਆ ਜਾਉ......ਆ ਜਾਓ ।

[ਘੰਟੀ ਵਜਦੀ ਹੈ । ਡਾਕਟਰ ਟੈਲੀਫ਼ੋਨ ਚੁਕ ਲੈਂਦਾ ਹੈ, ਤੇ ਗੱਲਾਂ ਕਰਨ ਲਗਦਾ ਹੈ । ਦਿਵਾਨ ਝੰਡਾ ਸਿੰਘ ਹੱਥ ਵਿਚ ਖੂੰਡੀ ਲਈ ਅੰਦਰ ਦਾਖ਼ਲ ਹੁੰਦਾ ਹੈ । ਉਸ ਦੀ ਕਰੜ-ਬਰੜੀ ਅੱਧ-ਚਿੱਟੀ ਦਾੜ੍ਹੀ ਚੜ੍ਹੀ ਹੋਈ ਹੈ; ਸਿਰ ਉਤੇ ਦੋ ਮੰਨਜ਼ਲੀ ਪੱਗ ਹੈ ਜਿਸ ਵਿਚੋਂ ਲਾਲ ਫ਼ਿਫ਼ਟੀ ਝਾਕਦੀ ਹੈ; ਮੱਥੇ ਉਤੇ ਤਿਊੜੀ ਹੈ ਜੋ ਲੋਕਾਂ ਨਾਲ ਲਗਾਤਾਰ ਖਰ੍ਹਵੇ ਵਰਤਾ ਹੋਣ ਕਰ ਕੇ ਇਕ ਸਦੀਵੀ ਚਿੰਨ੍ਹ ਬਣ ਗਿਆ ਜਾਪਦੀ ਹੈ ।

ਡਾਕਟਰ — (ਟੈਲੀਫ਼ੋਨ ਉਤੇ ਗੱਲਾਂ ਕਰਦੇ ਹੋਏ) ਜੀ......ਜੀ ਹਾਂ...... ਠੀਕ......ਮੈਂ ਦਵਾ ਘੱਲ ਦਿਤੀ ਏ......ਕੀ ਆਖਿਆ......

ਹਾ ਹਾ ਹਾ......ਤੁਹਾਡੀ ਮਿਹਰਬਾਨੀ......ਤੁਸੀਂ ਠੀਕ ਆਖਦੇ ਓ — ਏਸੇ ਲਈ ਅਮ੍ਰੀਕਾ ਵਿਚ ਲੋਕ ਅਸਲੀ ਦੰਦ ਉਖੜਵਾ ਕੇ ਮਨਸੂਈ ਦੰਦ ਲਗਵਾ ਲੈਂਦੇ ਨੇ......ਇਹ ਮਸਨੂਈ ਦੰਦ ਅਸਲੀ ਦੰਦਾਂ ਨਾਲੋਂ ਕਿਤੇ ਮਜ਼ਬੂਤ ਤੇ ਸੁਹਣੇ ਹੁੰਦੇ ਹਨ। ਇਨ੍ਹਾਂ ਨੂੰ ਨਾ ਕੀੜੇ ਦਾ ਖ਼ਤਰਾ, ਨਾ ਰੋਗ ਦਾ, ਨਾ ਦਰਦ ਦਾ......ਅੱਛਾ ਮੈਂ ?......ਕੋਈ ਗੱਲ ਨਹੀਂ......ਹਾਂ......ਤਿੰਨ ਸੌ ਰੁਪਏ......ਆ ਜਾਣਗੇ......ਆਹੋ ਸ਼ਾਮ ਨੂੰ ਨੌਕਰ ਹੱਥ ਚੈੱਕ ਭਿਜਵਾ ਦੇਣਾ......ਮਿਹਰਬਾਨੀ......ਕੋਈ ਛੇਤੀ ਨਹੀਂ ... ਹੋ ਹੋ ਹੋ ! ਅਛ੍ਹਾ......ਅਛਾ, ਘਰ ਦੀ ਗੱਲ ਏ......

ਆਦਮੀ — ਮੈਂ ਵੀ ਘਰ ਦੀ ਗੱਲ ਈ ਕਰਨ ਆਇਆ ਹਾਂ !

ਡਾਕਟਰ — ਘਰ ਦੀ ਗੱਲ ?

ਆਦਮੀ — ਹਾਂ, ਡਾਕਟਰ ਸਾਹਿਬ ਇਹ ਮੇਰਾ ਅਠਵਾਂ ਫੇਰਾ ਏ ।

ਡਾਕਟਰ — ਕੌਣ, ਕੌਣ —? (ਟੈਲੀਫੋਨ ਰਖ ਕੇ) ਆਓ, ਆਓ — ਬੈਠੋ, ਦਿਵਾਨ ਸਾਹਿਬ !

[ਕੁਰਸੀ ਉਤੋਂ ਉਠ ਖੜੋਂਦਾ ਹੈ ।

ਦਿਵਾਨ ਝੰਡਾ ਸਿੰਘ — (ਖੂੰਡੀ ਖੜਕਾ ਕੇ) ਡਾਕਟਰ ਸਾਹਿਬ ! ਸ਼ਰੀਫ਼ ਸਮਝ ਕੇ ਪਗੜੀ ਦੇ ਬਗ਼ੈਰ ਮੈਂ ਤੁਹਾਨੂੰ ਇਹ ਮਕਾਨ ਕਿਰਾਏ ਚਾੜ੍ਹ ਦਿਤਾ। ਪਰ ਤੁਸੀਂ ਸ਼ਰੀਫ਼ਾਂ ਵਾਲਾ ਕੋਈ ਵਿਹਾਰ ਹੀ ਨਹੀਂ ਰਖਿਆ ।

ਡਾਕਟਰ — ਦਿਵਾਨ ਸਾਹਿਬ ! ਬੈਠੋ ਤਾਂ ਸਹੀ — ਮੈਂ ਤੁਹਾਨੂੰ ਅਰਜ਼ ਕਰਾਂ......ਇਕ ਮੁਸੀਬਤ ਵਿਚ ਫੱਸ ਗਿਆ ਸਾਂ, ਨਹੀਂ ਤਾਂ ਤੁਹਾਨੂੰ ਪਤਾ ਏ, ਮੈਂ ਕਦੀ ਪਹਿਲੀ ਤ੍ਰੀਕ ਵੀ ਨਹੀਂ ਸੀ ਟਪਣ ਦਿਤੀ ।

ਦਿਵਾਨ ਝੰਡਾ ਸਿੰਘ — ਅਜ ਤਾਂ ਅਠਾਈ ਤ੍ਰੀਕ ਏ ਤੇ ਤੀਜਾ ਮਹੀਨਾ

ਸਿਰ ਤੇ ਆ ਗਿਆ ਏ। ਜਦ ਆਓ ਠੁੱਠ ਦਿਖਾ ਦਿੰਦੇ ਓ। ਆਖ਼ਿਰ ਤੁਹਾਡਾ ਚਾਹ ਪਾਣੀ, ਰੋਟੀ ਕਪੜਾ — ਸਭ ਕੁਝ ਚਲਦਾ ਏ। ਏਸ ਗ਼ਰੀਬ ਮਾਲਕ ਮਕਾਨ ਨੇ ਕਿਹੜੇ ਰੱਬ ਦੇ ਮਾਂਹ ਮਾਰੇ ਨੇ। ਕੀ ਕਸੂਰ ਕੀਤਾ ਏ ਮੈਂ ? ਬੱਸ ਸਮਝਦੇ ਓ ਕਿ ਹੁਣ ਘਰ ਉਤੇ ਕਬਜ਼ਾ ਹੋ ਗਿਆ ਏ ? ਪਰ ਮੈਂ ਤੁਹਾਨੂੰ ਦੱਸ ਦਵਾਂ — ਮੇਰਾ ਨਾਂ ਵੀ ਦਿਵਾਨ ਝੰਡਾ ਸਿੰਘ ਏ ! (ਤਿਊੜੀ ਵਟਦੇ ਹੋਏ) ਮੈਂ ਤੁਹਾਡੇ ਵਰਗਿਆਂ ਨੂੰ ਬਾਹਰ ਕਢਣ ਲਗਿਆਂ ਇਕ ਦਿਨ ਨਹੀਂ ਲਾਉਣਾ। ਮੈਂ ਹੁਣ ਤੀਕ ਡੰਗਰ ਨਹੀਂ ਚਾਰੇ, ਕਿਰਾਏਦਾਰਾਂ ਨਾਲ ਈ ਮੱਥਾ ਮਾਰਦਾ ਰਿਹਾ ਆਂ। ਮੈਂ ਤਾਂ ਆਪਣੇ ਮੁਨਸ਼ੀ ਨੂੰ ਆਖਿਆ ਸੀ ਕਿ ਡਾਕਟਰ ਸਾਹਿਬ ਬੱਸ ਦਰਸ਼ਨੀ ਘੋੜੇ ਨੇ, ਇਨ੍ਹਾਂ ਦੇ ਹੱਥ ਪਲੇ ਕੁਝ ਨਹੀਂ, ਸਾਨੂੰ ਤੰਗ ਕਰਨਗੇ — ਪਰ ਉਹ ਨਾ ਮੰਨਿਆਂ। ਸ਼ਾਇਦ ਉਸ ਨੇ ਵਿਚੋਂ ਦੋ ਚਾਰ ਦਮੜੇ ਖਾਧੇ ਹੋਣਗੇ। ਪਰ ਡਾਕਟਰ ਸਾਹਿਬ !......ਮੈਂ ਤੁਹਾਨੂੰ ਦੱਸ ਦਵਾਂ ਕਿ ਮੈਂ ਪਿਛਲੇ ਮਹੀਨੇ ਛੇ ਕਿਰਾਏਦਾਰਾਂ ਨੂੰ ਸਿੱਧਾ ਕੀਤਾ ਏ। ਇਹ ਕੁਰਸੀ ਤੇ ਜਮੂਰ ਤੇ ਇਹ ਸਾਰੀ ਟਿੰਡ-ਫੂਹੜੀ ਸੜਕ ਉਤੇ ਪਈ ਨਜ਼ਰ ਆਵੇਗੀ — ਤੇ ਇਹ ਟੈਲੀਫੋਨ ਵੀ !

ਡਾਕਟਰ — ਦਿਵਾਨ ਸਾਹਿਬ ! ਗੱਲ ਤਾਂ ਸੁਣੋ ! ਅਰਜ਼ ਇਹ ਐ — (ਜਮੂਰ ਪਕੜ ਕੇ) ਇਹ ਰਿਜ਼ਕ ਮੇਰੇ ਹੱਥ ਵਿਚ ਏ। ਮੈਂ ਤੁਹਾਨੂੰ ਆਖ ਰਿਹਾ ਹਾਂ ਕਿ ਦੋ ਦਿਨ ਤੀਕ ਤੁਹਾਡਾ ਕਿਰਾਇਆ ਜ਼ਰੂਰ ਦੇ ਦਵਾਂਗਾ —

ਦਿਵਾਨ — ਦੇਖੋ ਡਾਕਟਰ ਸਾਹਿਬ ! ਮੇਰੀ ਸ਼ਰਾਫ਼ਤ ਦਾ ਤੁਸੀਂ ਇਹ ਫ਼ਾਇਦਾ ਉਠਾਇਆ ਕਿ ਜਦ ਆਓ, ਜਮੂਰ ਫੜ ਕੇ ਸੌਹਾਂ ਖਾਣ ਲੱਗ ਪੈਂਦੇ ਓ। ਅੱਛਾ, ਇਹ ਚੈੱਕ ਜਿਹੜਾ ਤੁਹਾਨੂੰ ਅੱਜ

ਤ੍ਰਕਾਲੀਂ ਆਉਣਾ ਏ, ਇਹਨੂੰ ਤੁੜਵਾ ਰਖਣਾ। ਮੈਂ ਕਲ੍ਹ ਫੇਰਾ ਮਾਰਾਂਗਾ।

ਡਾਕਟਰ — (ਹੈਰਾਨ ਹੋ ਕੇ) ਕਿਹੜਾ ਚੈੱਕ ?

ਦਿਵਾਨ — ਲਉ, ਕਿਹੜਾ ਚੈੱਕ ? ਇਹ ਹੁਣੇ ਜਿਹੜਾ ਟੈਲੀਫੋਨ ਉਤੇ ਤੁਹਾਡਾ ਮਰੀਜ਼ ਤੁਹਾਨੂੰ ਘੱਲ ਰਿਹਾ ਸੀ — ਜਿਸ ਨੂੰ ਆਖ ਰਹੇ ਸੀ ਕੋਈ ਗੱਲ ਨਹੀਂ — ਚੈੱਕ ਆ ਜਾਵੇਗਾ।

ਡਾਕਟਰ — (ਯਾਦ ਕਰ ਕੇ) ਹਾਂ ਹਾਂ ਉਹ ਚੈੱਕ। ਠੀਕ ! ਮੈਂ ਏਸੇ ਲਈ ਤੁਹਾਨੂੰ ਆਖਿਆ ਏ ਨਾ, ਕਿ ਪਰਸੋਂ ਤੁਹਾਡੇ ਪੈਸੇ ਚੁਕਾ ਦੇਵਾਂਗਾ।

ਦਿਵਾਨ — ਤਿੰਨ ਮਹੀਨੇ ਦਾ ਕਿਰਾਇਆ — ੩੩ ਰੁਪਏ ਦੇ ਹਿਸਾਬ ਨਾਲ ੯੯ ਰੁਪਏ ਬਣਦਾ ਏ। ਇਕ ਘੱਟ ਸੌ। ਮੈਂ ਕਲ੍ਹ ਆਵਾਂਗਾ !

ਡਾਕਟਰ — ਹੁਣ ਤੁਸੀਂ ਤਕਲੀਫ਼ ਨਾ ਕਰਨੀ, ਮੈਂ ਤੁਹਾਡੇ ਘਰ ਈ ਭਿਜਵਾ ਦਵਾਂਗਾ। ਦਿਵਾਨ ਜੀ ! ਕਿਰਾਇਆ ਤੁਹਾਨੂੰ ਪੁਜ ਜਾਵੇਗਾ — ਏਸ ਵਕਤ ਮਰੀਜ਼ਾਂ ਦੇ ਆਉਣ ਦਾ ਵੇਲਾ — ਤੁਸੀਂ ਬਹੁਤਾ ਸ਼ਰਮਿੰਦਾ ਨਾ ਕਰੋ।

ਦਿਵਾਨ — ਮਰੀਜ਼ਾਂ ਦੇ ਆਉਣ ਦਾ ਵੇਲਾ ਏ, ਤਾਂ ਫੇਰ ਮੈਂ ਕ੍ਰੀ ਕਰਾਂ ?

ਡਾਕਟਰ — ਜਿਥੇ ਤੁਸੀਂ ਤਿੰਨ ਮਹੀਨੇ ਘੁੱਟ ਭਰੀ ਏ, ਉਥੇ ਇਕ ਦਿਨ ਹੋਰ ਕੌੜਾ ਕਰੋ।

ਦਿਵਾਨ — ਕਲ੍ਹ ਰੁਪਿਆ ਪੁਜ ਜਾਵੇ। ਝੂਠੇ ਨਾ ਪੈਣਾ। ਜੋ ਆਦਮੀ ਜ਼ਬਾਨ ਦਾ ਸੱਚਾ ਨਹੀਂ, ਉਸ ਦਾ ਵਪਾਰ ਕਦੀ ਨਹੀਂ ਚਲ ਸਕਦਾ !

ਡਾਕਟਰ — ਬਸ ਦਿਵਾਨ ਸਾਹਿਬ, ਤੁਸੀਂ ਦੋ ਇਕ ਦਿਨ ਦੀ ਮੁਹਲਤ ਦਿਓ। ਪਹਿਲਾ ਕੰਮ ਇਹੋ ਏ ਕਿ ਤੁਹਾਡੇ ਰੁਪਏ ਤਾਰਾਂ।

ਦਿਵਾਨ — ਚੰਗਾ ! ਫੇਰ ਅਸੀਂ ਚਲਦੇ ਹਾ ।

ਡਾਕਟਰ — ਕੁਝ ਚਾਹ ਪਾਣੀ ਤਾਂ ਪੀਂਦੇ ਜਾਓ ।

ਦਿਵਾਨ — ਨਹੀਂ, ਹਾਲੇ ਮੈਂ ਤਿੰਨ ਥਾਂ ਹੋਰ ਜਾਣਾ ਏ । ਇਹ ਹਵੇਲੀਆਂ ਖੜੀਆਂ ਕਰ ਕੇ ਮੈਂ ਤਾਂ ਸੋਚਿਆ ਸੀ ਪਈ ਸੁਖ ਨਾਲ ਦੋ ਡੰਗ ਰਜਵੀਂ ਗ੍ਰਾਹੀ ਮਿਲੇਗੀ, ਪਰ ਫੇਰੇ ਪਾ ਪਾ ਛਿੱਤਰ ਰਹਿ ਜਾਂਦੇ ਨੇ ... ਤਲਿਆਂ ਵਿਚ ਮਘੋਰੇ ਹੋ ਗਏ ਨੇ । ਚੰਗਾ, ਹੁਣ ਮੈਂ ਚਲਦਾਂ, ਤੁਸੀਂ ਮਰੀਜ਼ਾਂ ਨਾਲ ਨਜਿਠੋ ।

[ਦਿਵਾਨ ਝੰਡਾ ਸਿੰਘ ਜਾਂਦਾ ਹੈ । ਡਾਕਟਰ ਸਖ ਦਾ ਸਾਹ ਭਰਦਾ ਹੈ । ਸਤਵੰਤ ਅੰਦਰ ਆਉਂਦੀ ਹੈ ।

ਡਾਕਟਰ — ਤੜਕੇ ਤੜਕੇ ਦਿਵਾਨ ਮੱਥੇ ਲਗਿਆ ਏ, ਰੱਬ ਖ਼ੈਰ ਕਰੇ ।

ਸਤਵੰਤ — ਆਖਦੇ ਸਓ, ਦਿਵਾਨ ਸ਼ਰੀਫ਼ ਆਦਮੀ ਏ...ਹੂੰਹ, ਦੇਖ ਲਈ ਏਸ ਦੀ ਸ਼ਰਾਫ਼ਤ ? ਰਤਾ ਕਿਰਾਏ ਨੂੰ ਚਿਰ ਹੋ ਜਾਵੇ, ਗਿੱਚੀ ਉਤੇ ਆ ਬੈਠਦਾ ਏ । ਤੁਸੀਂ ਕਦੇ ਮੇਰੀ ਗੱਲ ਮੰਨੀ ਹੋਵੇ ਤਾਂ ਮੈਂ ਕੁਝ ਆਖਾਂ । ਮੇਰੇ ਆਖਣ ਦਾ ਕੀ ਮੁੱਲ ? ਕਰਨੀ ਤਾਂ ਤੁਸੀਂ ਉਹੀ ਗੱਲ ਹੋਈ ਜੋ ਇਕ ਵਾਰ ਤੁਹਾਡੇ ਦਮਾਗ਼ ਵਿਚ ਵੜ ਜਾਂਦੀ ਏ ।

ਡਾਕਟਰ — ਮਸਾਂ ਮਗਰੋਂ ਲਾਹਿਆ ਏ । ਹੁਣ ਪਰਸੋਂ ਦਾ ਇਕਰਾਰ ਕੀਤਾ ਏ । ਮੈਂ ਸੋਚਦਾ ਹਾਂ ਜੇ ਕੋਈ ਇਕ ਵੀ ਮਰੀਜ਼ ਆ ਜਾਵੇ ਜਿਸ ਦੀ ਬਤੀਸੀ ਲੱਥੀ ਹੋਵੇ, ਤਾਂ ਸਭ ਦਾ ਲੈਣਾ ਦੇਣਾ ਮੁਕਾ ਦਈਏ । (ਸੋਚਾਂ ਵਿਚ ਟਹਿਲਦੇ ਹੋਏ ਗ਼ੁੱਸੇ ਨਾਲ) ਹਿੰਦੁਸਤਾਨ ਹੈ ਈ ਜਾਹਿਲ ਮੁਲਕ ! ਏਸੇ ਲਈ ਤਾਂ ਆਏ ਦਿਨ ਲੱਖਾਂ ਲੋਕੀਂ ਚੂਹਿਆਂ ਵਾਂਗ ਮਰ ਜਾਂਦੇ ਨੇ । ਜਾਨ ਬੇਸ਼ਕ ਨਿਕਲ ਜਾਵੇ, ਪਰ ਇਲਾਜ ਨਹੀਂ ਕਰਾਉਣਾ । ਦੂਜੇ ਮੁਲਕਾਂ

ਵਿਚ ਭਾਵੇਂ ਉਂਗਲ ਵੀ ਦੁਖੇ, ਅਪ੍ਰੇਸ਼ਨ ਕਰਵਾ ਲੈਣਗੇ। ਏਸੇ ਲਈ ਤਾਂ ਉਹਨਾਂ ਡਾਕਟਰਾਂ ਦੀ ਪ੍ਰੈਕਟਿਸ ਚਲਦੀ ਹੈ। ਪਰ ਏਥੇ — ਸਮਝ ਨਹੀਂ ਆਉਂਦੀ। ਏਸ ਦੇਸ ਵਿਚ ਤਾਂ ਮਦਾਰੀ ਤੇ ਪੁਜਾਰੀ ਹੀ ਕੰਮ ਚਲਾ ਸਕਦੇ ਹਨ, ਡਾਕਟਰ ਨਹੀਂ। ਜਦ ਹਰ ਚੌਂਕ, ਹਰ ਮੋੜ, ਹਰ ਰੇਲ ਗੱਡੀ ਵਿਚ ਦੰਦਾਂ ਦਾ ਮੰਜਨ ਵੇਚਣ ਵਾਲੇ ਤੇ ਦੰਦ ਕਢਣ ਵਾਲੇ ਫਿਰਦੇ ਹੋਣ ਤਾਂ ਲੋਕਾਂ ਇਸ ਦੁਕਾਨ ਉਤੇ ਕਿਉਂ ਆਉਣਾ ? ਤੇ ਉਹ ਮਰੀਜ਼ ਜਿਸ ਆਉਣ ਦਾ ਵਾਇਦਾ ਕੀਤਾ ਸੀ, ਆਉਣ ਵਿਚ ਈ ਨਹੀਂ ਆਉਂਦਾ। (ਕੁਝ ਸੋਚਦੇ ਹੋਏ) ਦੂਜੇ ਡਾਕਟਰਾਂ ਵਾਂਗ ਟੈਲੀਫੋਨ ਪਿਛੋਂ ਸ਼ਾਇਦ ... ਸ਼ਾਇਦ ਨਹੀਂ, ਜ਼ਰੂਰ — ਜ਼ਰੂਰ — (ਇਕ ਦਮ ਇਕ ਖ਼ਿਆਲ ਨਾਲ ਉਸ ਦਾ ਮੂੰਹ ਚਮਕ ਉਠਦਾ ਹੈ) ਮੈਂ ਤੈਨੂੰ ਇਕ ਗੱਲ ਦਸਾਂ।

ਸਤਵੰਤ — ਕੀ ?

ਡਾਕਟਰ — ਮੈਂ ਉਸ ਦਿਨ ਆਖ ਰਿਹਾ ਸਾਂ ਨਾ, ਕਿ ਨਰਸ ਵੀ ਜ਼ਰੂਰੀ ਹੈ।

ਸਤਵੰਤ — ਹਾਂ।

ਡਾਕਟਰ — ਇਕ ਨਰਸ ਜੋ ਤਿਤਲੀ ਵਾਂਗ ਖੰਭ ਫੜਕਾਉਂਦੀ ਤੇ ਉਚੀ ਅੱਡੀ ਦੀ ਸੈਂਡਲ ਪਾਈ ਫਿਰਦੀ ਹੋਵੇ ਤਾਂ ਮਰੀਜ਼ ਤਾਂ ਭੰਵਰਿਆਂ ਵਾਂਗ ਡਿਗਣਗੇ।

ਸਤਵੰਤ — ਹੈਂ ?

ਡਾਕਟਰ — ਹਾਂ ! ਜਦ ਤੀਕ ਨਰਸ ਨਹੀਂ ਮਿਲਦੀ ਜੇ ਤੂੰ......

ਸਤਵੰਤ — ਮੈਂ ?

ਡਾਕਟਰ — ਹਾਂ ਹਾਂ, ਨਰਸ ਬਣਨ ਵਿਚ ਲਗਦਾ ਈ ਕੀ ਏ ? ਉਂਜ ਤੂੰ ਦਸਵੀਂ ਤੀਕ ਸਾਇੰਸ ਵੀ ਪੜ੍ਹੀ ਹੋਈ ਏ। ਬੱਸ ਨਰਸ ਦੇ

ਕਪੜੇ ਪਾ ਕੇ ਨਰਸ ਬਣ ਜਾਏਂਗੀ। ਮੈਂ ਉਦਨ ਕਪੜੇ ਲਿਆਂਦੇ ਵੀ ਸਨ। (ਉਸ ਨੂੰ ਸਮਝਾਉਂਦੇ ਹੋਏ।) ਦੇਖੇਂ ਨਾ, ਤੂੰ ਕੋਈ ਅਪਰੇਸ਼ਨ ਤਾਂ ਕਰਨਾ ਈ ਨਹੀਂ। ਬੱਸ ਮੇਰੀਆਂ ਚੀਜ਼ਾਂ ਚੁਕ ਕੇ ਫੜਾ ਦੇਵੀਂ। ਜ਼ਰਾ ਸੋਚ, ਜਦ ਤੂੰ ਚਿੱਟਾ ਰੁਮਾਲ ਬੰਨ੍ਹ ਕੇ ਤਿਤਲੀ ਵਾਂਗ......

ਸਤਵੰਤ — ਹਲਾ, ਫੇਰ ਮੈਂ ਨਰਸ ਵਾਲੇ ਕਪੜੇ ਪਾ ਲੈਨੀ ਆਂ।

ਡਾਕਟਰ — ਹਾਂ, ਛੇਤੀ ! ਹੁਣ ਮਰੀਜ਼ ਨੇ ਆਉਣਾ ਏ। ਛੇਤੀ !

[ਉਹ ਦੂਜੇ ਕਮਰੇ ਵਿਚ ਜਾਂਦੀ ਹੈ। ਡਾਕਟਰ ਪਿਆਰਾ ਸਿੰਘ ਪਲਟਾ ਕਿਤਾਬ ਠੀਕ ਕਰਦਾ ਹੈ, ਫ਼ਲਿਟ ਛਿੜਕਦਾ ਹੈ, ਤੇ ਸ਼ੀਸ਼ੇ ਵਿਚ ਮੂੰਹ ਦੇਖਦਾ ਹੈ।

ਸਤਵੰਤ — (ਅੰਦਰੋਂ ਨਰਸ ਦੇ ਕਪੜੇ ਪਾ ਕੇ ਆਉਂਦੇ ਹੋਏ) ਠੀਕ ਏ ?

ਡਾਕਟਰ — ਹੈਂ ? ਤੂੰ ਤੇ ਪੂਰੀ ਨਰਸ ਲਗਦੀ ਏਂ ! ਵਾਹ, ਵਾਹ ! ਇਹ ਕਰਾਮਾਤ ਸਾਨੂੰ ਪਹਿਲਾਂ ਕਿਉਂ ਨਾ ਸੁੱਝੀ ? ਲੈ ਦੇਖ ਸ਼ੀਸ਼ਾ।

ਸਤਵੰਤ — (ਸ਼ੀਸ਼ੇ ਵਿਚ ਮੂੰਹ ਬਣਾ ਕੇ) ਪੂਰੀ ਭੂਤਨੀ ਲਗਦੀ ਹਾਂ। ਸਿਰ ਉਤੇ ਰੁਮਾਲ ਮੈਨੂੰ ਬੜਾ ਅਜੀਬ ਅਜੀਬ ਲਗਦਾ ਏ। ਇਸ ਦਾ ਇਕ ਲੜ ਬਹੁਤ ਢਿੱਲਾ ਏ, ਤੁਸੀਂ ਰਤਾ ਕੱਸ ਦਿਉ।

ਡਾਕਟਰ — ਤੂੰ ਪਿਨ ਨਹੀਂ ਲਾਈ ?

ਸਤਵੰਤ — ਪਿਨ ਛੋਟੀ ਏ। ਮੈਨੂੰ ਰੁਮਾਲ ਬੰਨ੍ਹਣ ਦਾ ਵੱਲ ਵੀ ਤਾਂ ਨਹੀਂ ਆਉਂਦਾ।

ਡਾਕਟਰ — ਅੱਛਾ, ਏਧਰ ਕਰ।

[ਉਹ ਆਪਣੀ ਪਗੜੀ ਵਿਚੋਂ ਪਿਨ ਕਢ ਕੇ ਸਤਵੰਤ ਦਾ ਰੁਮਾਲ ਬੰਨ੍ਹਦਾ ਹੈ। ਬਾਹਰੋਂ ਠੱਕ ਠੱਕ ਸੁਣਾਈ ਦੇਂਦੀ ਹੈ।

ਛੇਤੀ ਕਰ ...... ਛੇਤੀ ......ਹਾਏ ...... ਇਹ ਪਿਨ ਮੇਰੀ ਉਂਗਲ ਵਿਚ ਚੁਭ ਗਿਆ ! ਤੂੰ ਦੌੜ ਕੇ ਟਾਈਮ ਪੀਸ ਵਜਾ... ਜਾਹ —

[ਠੱਕ ਠੱਕ ।

ਸਤਵੰਤ — ਮਰੀਜ਼ !

ਡਾਕਟਰ — ਇਕ ਮਰੀਜ਼ ਨੂੰ ਵਕਤ ਦਿਤਾ ਸੀ। ਉਹੀ ਦੰਦਾਂ ਦਾ ਸੈੱਟ ਲੈਣ ਆਇਆ ਏ — ਮੈਂ ਇਹ ਸੈੱਟ ਕਲ੍ਹ ਰਾਤ ਈ ਖ਼ਤਮ ਕੀਤਾ ਸੀ। ਪੂਰੇ ਦੋ ਸੌ ਰੁਪਏ।

ਸਤਵੰਤ — ਕੌਣ ?

[ਠੱਕ ਠੱਕ ।

ਡਾਕਟਰ — ਉਹੀ ਏ — ਮੈਂ ਉਸ ਦੀ ਠੱਕ ਠੱਕ ਤੋਂ ਈ ਪਛਾਣ ਗਿਆ ਹਾਂ — ਬੜਾ ਕਾਹਲਾ ਆਦਮੀ ਏ — ਬੱਦਰ-ਪੁਰ ਦਾ ਠੇਕੇਦਾਰ। ਦੂਜੀ ਸ਼ਾਦੀ ਏ — ਵਿਚਾਰੇ ਦੇ ਦੰਦ ਨਹੀਂ — ਬੁੱਢੀ ਘੋੜੀ ਤੇ ਲਾਲ ਲਗਾਮ ! ਖ਼ੈਰ, ਪੂਰੇ ਦੋ ਸੌ ਮਿਲਣਗੇ। ੯੯ ਰੁਪਏ ਕਿਰਾਇਆ ਦੇ ਦਵਾਂਗੇ — ਬਾਕੀ ੧੦੧ ਰੁਪਏ।

ਸਤਵੰਤ — ਏਸ ਵਿਚ ਮੇਰੀ ਇਕ ਸੈਂਡਲ, ਇਕ ਕਮੀਜ਼, ਤੇ ਤੁਹਾਡੇ ਲਈ ਫ਼ਿਕਸੋ ਦੀ ਇਕ ਸ਼ੀਸ਼ੀ —

[ਠੱਕ ਠੱਕ ।

ਬਾਹਰੋਂ ਅਵਾਜ਼—ਪਿਆਰਾ ਸਿੰਘ ਪਲਟਾ ਘਰ ਏ ?

[ਸਤਵੰਤ ਝਟ ਦੂਜੇ ਕਮਰੇ ਵਿਚ ਚਲੀ ਜਾਂਦੀ ਹੈ ਤੇ ਪਿਆਰਾ ਸਿੰਘ ਟੈਲੀਫ਼ੋਨ ਉਤੇ ਗੱਲਾਂ ਕਰਨ ਲੱਗ ਪੈਂਦਾ ਹੈ। ਸਰੂਪ ਚੰਦ ਦਾਖ਼ਲ ਹੁੰਦਾ ਹੈ।

ਡਾਕਟਰ — (ਟੈਲੀਫ਼ੋਨ ਉਤੇ ਗੱਲਾਂ ਕਰਦੇ ਹੋਏ) ਹੈਲੋ......ਬੋਲ ਰਿਹਾ

ਹਾਂ......ਠੀਕ ਹੋ ਗਿਆ ?......ਅੱਛਾ-ਅੱਛਾ......ਹਾਂ ਹਾਂ...... ਮੈਂ ਦਵਾਈ ਘੱਲ ਰਿਹਾ ਹਾਂ......ਜੀ ਹਾਂ (ਸਰੂਪ ਵੱਲ ਦੇਖ ਕੇ ਤੇ ਟੈਲੀਫ਼ੋਨ ਰੱਖ ਕੇ) ਉਹ ਸਰੂਪ ! ਖ਼ੂਬ ਖ਼ੂਬ । ਸੁਣਾ ਯਾਰ ਤੂ ਕਦੋਂ ਆਇਆ ਏਂ ?

ਸਰੂਪ — (ਕੁਰਸੀ ਉਤੇ ਬੈਠਦੇ ਹੋਏ) ਹਾਕਾਂ ਮਾਰ ਮਾਰ ਕੇ ਮੇਰਾ ਸੰਘ ਬੈਠ ਗਿਆ । ਕੀ ਕਰ ਰਿਹਾ ਸੈਂ ?

ਡਾਕਟਰ — ਐਵੇਂ ਇਕ ਮਰੀਜ਼ ਨੂੰ ਭੁਗਤਾ ਰਿਹਾ ਸਾਂ । ਸੁਣਾ, ਤੂੰ ਜਲੰਧਰੋਂ ਕਦ ਆਇਆ ?

ਸਰੂਪ — ਅਜ ਸਵੇਰੇ — ਸਿਰਫ਼ ਇਕ ਦਿਨ ਲਈ । ਏਥੇ ਇਕ ਫ਼ੌਜਦਾਰੀ ਕੇਸ ਵਿਚ ਪੇਸ਼ੀ ਉਤੇ ਆਇਆ ਹਾਂ ।

ਡਾਕਟਰ — ਤੇਰੀ ਪ੍ਰੈਕਟਿਸ ਦਾ ਕੀ ਹਾਲ ਏ ? ਜਲੰਧਰ ਕੰਮ ਤੁਰ ਪਿਆ ?

ਸਰੂਪ — ਪਹਿਲੇ ਪਹਿਲ ਤਾਂ ਔਖਾ ਹੋਣਾ ਪਿਆ । ਪਰ ਫੇਰ ਡਾਢਾ ਰਿੜ੍ਹ ਪਿਆ । ਬਸ ਮਨ ਮਾਰ ਕੇ ਬੈਠਣ ਦੀ ਗੱਲ ਏ ।

[ਸਤਵੰਤ ਅੰਦਰੋਂ ਆਉਂਦੀ ਹੈ ।

ਸੁਣਾ ਯਾਰ ? ਖ਼ੂਬ ਠਾਠ ਨੇ ! ਨਰਸ ਵੀ ਰੱਖ ਲਈ । (ਰਾਜ਼-ਦਾਰਾਨਾ ਲਹਿਜੇ ਵਿਚ) ਤਿਤਲੀ ਏ ਤਿਤਲੀ !

ਡਾਕਟਰ — ਉਏ ਭਰਾਵਾ, ਇਹ ਤਾਂ ਤੇਰੀ ਭਾਬੀ ਏ ! ਪਛਾਣਿਆ ਨਹੀਂ ?

ਸਰੂਪ — ਹੱਛਾ ! ਇਹ ਸਾਡੀ ਭਾਬੀ ਏ ? ਖ਼ੂਬ ਖ਼ੂਬ — ਸਤਿ ਸ੍ਰੀ ਅਕਾਲ ਭਾਬੀ ਜੀ ! ਖ਼ੂਬ ਭੇਸ ਬਦਲਿਆ ਏ ?

ਸਤਵੰਤ — ਸਤਿ ਸ੍ਰੀ ਅਕਾਲ । ਮੈਂ ਆਖਿਆ — ਵਿਹਲੇ ਬੈਠਣ ਤੋਂ ਇਹੋ ਚੰਗਾ ਕਿ ਇਹਨਾਂ ਦਾ ਈ ਹੱਥ ਵਟਾਵਾਂ ।

ਡਾਕਟਰ — ਇਸ ਵਿਚ ਹਰਜ ਈ ਕੀ ਏ ?

ਸਰੂਪ — ਇਹ ਤੂੰ ਬੜਾ ਈ ਚੰਗਾ ਕੀਤਾ ਜੁ ਭਾਬੀ ਨੂੰ ਨਰਸ ਬਣਾ ਲਿਆ।

ਡਾਕਟਰ — ਅੱਜ ਕਲ੍ਹ ਏਸ ਬਗੈਰ ਗੁਜ਼ਾਰਾ ਵੀ ਤੇ ਨਹੀਂ। ਤੇ ਫੇਰ ਦਿੱਲੀ ਵਿਚ ਤਾਂ ਇਹ ਗੱਲ ਆਮ ਏ — ਜੇ ਆਦਮੀ ਕਿਸੇ ਲਾਂਡਰੀ ਦਾ ਮਾਲਕ ਹੈ ਤਾਂ ਉਸ ਦੀ ਵਹੁਟੀ ਘਰ ਬੈਠ ਕੇ ਕਪੜਿਆਂ ਨੂੰ ਇਸਤਰੀ ਕਰਦੀ ਏ; ਜੇ ਉਹ ਪਬਲਿਸ਼ਰਜ਼ ਹੈ ਤਾਂ ਉਸ ਦੀ ਵਹੁਟੀ ਘਰ ਬੈਠ ਕੇ ਕਿਤਾਬਾਂ ਦੀਆਂ ਜਿਲਦਾਂ ਬੰਨ੍ਹਦੀ ਏ; ਜੇ ਉਸ ਮਨਿਆਰੀ ਦੀ ਹੱਟੀ ਪਾਈ ਏ ਤਾਂ ਉਹਦੀ ਵਹੁਟੀ ਘਰ ਬੈਠੀ ਨਾਲੇ ਬੁਣਦੀ ਏ ਤੇ ਫੁਲਕਾਰੀਆਂ ਕਢਦੀ ਏ।

ਸਰੂਪ — ਮੈਂ ਖ਼ੁਦ ਆਪਣੀ ਬੀਵੀ ਨੂੰ ਆਪਣੇ ਨਾਲ ਕੰਮ ਤੇ ਲਾਵਾਂਗਾ।

ਸਤਵੰਤ — ਸੁਣਾਉ, ਸਾਡੀ ਭਰਜਾਈ ਦਾ ਕੀ ਹਾਲ ਏ?

ਸਰੂਪ — ਮੌਜ ਕਰਦੀ ਏ।

ਸਤਵੰਤ — ਘੁੱਲੂ ਪੜ੍ਹਨ ਲਗ ਪਿਆ ਹੋਣਾ ਏਂ?

ਸਰੂਪ — ਹੁਣ ਤਾਂ ਹਿਸਾਬ ਦੇ ਸੁਆਲ ਕਢਦਾ ਏ। ਹਿਸਾਬ ਤੋਂ ਮੈਨੂੰ ਤਾਂ ਤਾਪ ਚੜ੍ਹ ਜਾਂਦਾ ਸੀ, ਪਰ ਉਹ — ਉਹ ਤੇ ਬਿਜਲੀ ਏ ਬਿਜਲੀ। ਬੇਸ਼ਕ ਕੋਈ ਸੁਆਲ ਪਾ ਕੇ ਦੇਖੋ, ਝੱਟ ਮੂੰਹ-ਜ਼ਬਾਨੀ ਦੱਸ ਦਵੇਗਾ। ਪਿਛਲੇ ਦਿਨੀਂ ਸਕੂਲ ਵਿਚ ਇਨਸਪੈਕਟਰ ਸਾਹਿਬ ਮੁਆਇਨੇ ਲਈ ਆਏ — ਉਸ ਨੂੰ ਅੱਵਲ ਇਨਾਮ ਦਿਤਾ। ਮੈਂ ਉਸ ਨੂੰ ਐਮ: ਏ: ਤੀਕ ਹਿਸਾਬ ਪੜ੍ਹਾਵਾਂਗਾ।

ਡਾਕਟਰ — ਕਿਤੇ ਇਹ ਬੇ-ਅਕਲੀ ਨਾ ਕਰ ਬਵ੍ਹੀਂ। ਨੌਕਰੀ ਕੋਈ ਨਹੀਂ ਮਿਲਣੀ। ਬੱਸ ਘਰ ਦੀਆਂ ਵਹੀਆਂ ਦਾ ਲੇਖਾ ਈ ਮਿਲਾਇਆ ਕਰੇਗਾ।

ਸਰੂਪ — ਫੇਰ?

ਡਾਕਟਰ — ਮੈਂ ਤਾਂ ਆਖਦਾ ਆਂ — ਦਵਾਈਆਂ ਦੀ ਦੁਕਾਨ ਕਰਾ ਦੇਵੀਂ —— ਡਾਕਟਰਾਂ ਨਾਲੋਂ ਇਹਨਾਂ ਦਵਾ-ਫਰੋਸ਼ਾਂ ਨੂੰ ਬਹੁਤੀ ਖੱਟੀ ਏ ।

ਸਰੂਪ — ਪਰ ਏਸ ਲਈ ਤਾਂ ਮਾਇਆ ਦੀ ਲੋੜ ਏ । ਅਜ ਕਲ੍ਹ ਦਵਾਈਆਂ ਬਹੁਤ ਮਹਿੰਗੀਆਂ ਹੋ ਗਈਆਂ ਹਨ । ਚਾਹੇ ਖੁਡ ਜਿੰਨੀ ਹੱਟੀ ਪਾਉ ਉਸ ਉਤੇ ਵੀ ਦਸ ਹਜ਼ਾਰ ਦੀ ਲਾਗਤ ਏ । (ਰਤਾ ਰੁਕ ਕੇ) ਉਸ ਨੂੰ ਤੇਰੇ ਵਾਂਗ ਦੰਦਾਂ ਦਾ ਡਾਕਟਰ ਨਾ ਬਣਾ ਦੇਵਾਂ ?

ਸਤਵੰਤ — ਦੰਦਾਂ ਦਾ ਡਾਕਟਰ ਨਾ ਬਣਾਉਣਾ, ਭਾਵੇਂ ਡੰਗਰਾਂ ਦਾ ਡਾਕਟਰ ਬਣਵਾ ਦਿਓ !

ਸਰੂਪ — (ਗੰਭੀਰ ਹੋ ਕੇ) ਫੇਰ ਤੁਸੀਂ ਦੱਸੋ — ਡੰਗਰਾਂ ਦਾ ਡਾਕਟਰ ਬਣਾਵਾਂ ਕਿ ਦੰਦਾਂ ਦਾ ?

ਸਤਵੰਤ — ਪਿੰਡ ਵਸਿਆ ਨਹੀਂ, ਮੰਗਤੇ ਪਹਿਲਾਂ ਈ ਫਿਰਦੇ ਨੇ । ਹਾਲੇ ਸੁਖ ਨਾਲ ਉਹ ਸੱਤਾਂ ਸਾਲਾਂ ਦਾ ਏ । ਦਸਾਂ ਸਾਲਾਂ ਨੂੰ ਪਤਾ ਨਹੀਂ ਕੀ ਹੋਵੇਗਾ । ਤੁਸੀਂ ਭਲਕ ਦੀ ਸੋਚੋ — ਦਸ ਸਾਲ ਕਿਸ ਨੂੰ ਆਏ ।

ਡਾਕਟਰ — ਹੁਣ ਗੱਲੀਂ ਲੱਗ ਪਈ ਏਂ — ਇਸ ਨੂੰ ਚਾਹ ਤਾਂ ਪੁੱਛ । ਕਿਉਂ ਭਈ, ਲੱਸੀ ਪੀਏਂਗਾ ਕਿ ਚਾਹ ?

ਸਰੂਪ — ਮੈਂ ਕਚਹਿਰੀ ਪੇਸ਼ੀ ਉਤੇ ਜਾਣਾ ਏ — ਛੇਤੀ — ਬੱਸ ਦਸ ਕੁ ਮਿੰਟ ਲਈ ਮਿਲਣ ਆਇਆ ਸਾਂ । ਮੈਂ ਆਖਿਆ ਤੂੰ ਇਹ ਨਾ ਸੋਚੇਂ ਪਈ ਮੈਂ ਜਲੰਧਰੋਂ ਦਿੱਲੀ ਆਇਆ ਤੇ ਮਿਲ ਕੇ ਵੀ ਨਾ ਗਿਆ ।

ਡਾਕਟਰ — (ਸਤਵੰਤ ਨੂੰ) ਚੰਗਾ — ਜਾਹ ... ਛੇਤੀ ਚਾਹ ਤਿਆਰ ਕਰ ਦੇ ।

ਸਰੂਪ — ਕੀ ਲੋੜ ਏ ਚਾਹ ਦੀ — ਐਵੇਂ ਖੇਚਲ ਨਾ ਕਰ।

ਡਾਕਟਰ — ਕੋਈ ਨਹੀਂ, ਕਿਹੜਾ ਚਿਰ ਲਗਣਾ ਏ। ਦੋ ਮਿੰਟ ਵਿਚ ਚਾਹ ਬਣ ਜਾਂਦੀ ਏ।

[ਸਤਵੰਤ ਸਿਰ ਉਤੋਂ ਰੁਮਾਲ ਉਤਾਰਦੀ ਹੈ ਤੇ ਦੂਜੇ ਕਮਰੇ ਵਿਚ ਜਾਂਦੀ ਹੈ।

ਸਰੂਪ — ਹੁਣ ਭਾਬੀ ਕਿਵੇਂ ਅੱਗ ਬਾਲੇਗੀ ? ਰਹਿਣ ਦੇ ਤੂੰ ਤਕੱਲਫ਼ ਨੂੰ। ਮੈਂ ਜਾਣਾ ਏਂ। ਹਾਂ ਸੱਚ ... ਇਕ ਕੰਮ ਸੀ ਤੇਰੇ ਤਾਈਂ। ਇਥੇ ਦਿੱਲੀ ਸਾਡੇ ਚਾਚੇ ਨੇ ਸਾਰੇ ਦੰਦ ਕਢਵਾ ਛਡੇ ਨੇ। ਉਸ ਨੇ ਸਭਨਾਂ ਡਾਕਟਰਾਂ ਨੂੰ ਪੁਛਿਆ ; ਸਭੇ ਦੋ ਸੌ ਤੋਂ ਘੱਟ ਗੱਲ ਨਹੀਂ ਕਰਦੇ। ਮੈਂ ਸੋਚਿਆ — ਮੇਰਾ ਪੁਰਾਣਾ ਜਮਾਤੀ ਜਦੋਂ ਪਹਾੜਗੰਜ ਵਿਚ ਦੰਦਾਂ ਦਾ ਹਸਪਤਾਲ ਖੋਲ੍ਹੀ ਬੈਠਾ ਏ ਤਾਂ ਕੀ ਲੋੜ ਏ ਕਿ ਅਸੀਂ ਦੋ ਸੈਂਕੜੇ ਕਿਸੇ ਡਾਕਟਰ ਨੂੰ ਪੂਜੀਏ। ਤੂੰ ਤਿਆਰ ਕਰ ਦੇਵੇਂਗਾ ਨਾ ?

ਡਾਕਟਰ — ਜ਼ਰੂਰ, ਜ਼ਰੂਰ ! ਅਖੇ ਸਿਪਾਹੀਆ ਲੜੇਂਗਾ, ਹੋਰ ਕੰਮ ਕੀ ਏ।

ਸਰੂਪ — ਕਿੰਨੇ ਕੁ ਪੈਸੇ ਲੱਗ ਜਾਣਗੇ ?

ਡਾਕਟਰ — ਤੇਰੇ ਨਾਲ ਕਿਹੜਾ ਕੋਈ ਦੁਕਾਨਦਾਰੀ ਏ। ਜਿੰਨੇ ਆਖੇਂਗਾ।

ਸਰੂਪ — ਫੇਰ ਵੀ ?

ਡਾਕਟਰ — ਨਹੀਂ, ਤੂੰ ਆਪਣੇ ਚਾਚੇ ਨੂੰ ਘੱਲ ਦੇਵੀਂ, ਮੈਂ ਦੰਦ ਤਿਆਰ ਕਰ ਦੇਵਾਂਗਾ ?

ਸਰੂਪ — ਯਾਰਾ ਛੋਕੜ ਜੋ ਤੇਰਾ ਖ਼ਰਚ ਆਵੇਗਾ, ਉਹ ਤਾਂ ਤੈਨੂੰ ਲੈਣਾ ਹੀ ਪਵੇਗਾ।

ਡਾਕਟਰ — ਹਛਾ — ਦੇਖ ਲਵਾਂਗੇ, ਤੂੰ ਭੇਜ ਦੇਵੀਂ। ਮੈਂ ਐਨ

ਫ਼ਿੱਟ ਤਿਆਰ ਕਰਾਂਗਾ। ਮੈਂ ਮਸੂੜ੍ਹਿਆਂ ਲਈ ਲਾਲ ਰਬੜ ਨਹੀਂ ਵਰਤਦਾ ਸਗੋਂ ਅਮ੍ਰੀਕਨ ਪਾਊਡਰ ਵਰਤਦਾ ਹਾਂ। ਮਸੂੜ੍ਹੇ ਬਿਲਕੁਲ ਅਸਲੀ ਜਾਪਦੇ ਹਨ।

[ਸਤਵੰਤ ਅੰਦਰੋਂ ਆਉਂਦੀ ਹੈ, ਅਤੇ ਸਟੋਵ ਉਤੋਂ ਔਜ਼ਾਰਾਂ ਦਾ ਉਬਲਦਾ ਡੱਬਾ ਲਾਹ ਕੇ ਪਾਣੀ ਦੀ ਕੇਤਲੀ ਧਰ ਦੇਂਦੀ ਹੈ।

ਸਰੂਪ — ਮੈਂ ਚਾਚੇ ਨੂੰ ਆਖਿਆ ਸੀ ਕਿ ਅੱਵਲ ਤਾਂ ਮੇਰਾ ਦੋਸਤ ਤੁਹਾਡਾ ਸੈੱਟ ਮੁਫ਼ਤ ਤਿਆਰ ਕਰ ਦੇਵੇਗਾ, ਨਹੀਂ ਤਾਂ ਜੋ ਪੰਜ ਸੱਤ ਰੁਪਏ ਲਗਣਗੇ, ਉਹ ਅਸੀਂ ਦੇ ਦੇਵਾਂਗੇ। ਆਖ਼ਰ ਇਕ ਡਾਕਟਰ ਦੂਜੇ ਡਾਕਟਰ ਦਾ ਕੁਝ ਲਿਹਾਜ਼ ਤਾਂ ਕਰਦਾ ਈ ਏ। ਮੈਂ ਅੱਖਾਂ ਦਾ ਡਾਕਟਰ ਹਾਂ ਤੇ ਤੂੰ ਦੰਦਾਂ ਦਾ। ਕਲ ਜੇ ਤੁਹਾਡੇ ਘਰ ਕਿਸੇ ਨੂੰ ਅੱਖਾਂ ਦਾ ਰੋਗ ਹੋਵੇ ਤਾਂ ਕੀ ਮੈਂ ਪੈਸੇ ਮੰਗ ਸਕਾਂਗਾ? ਉੱਕਾ ਨਹੀਂ। ਮੈਂ ਚਾਚੇ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿਤੀ ਏ। ਉਹ ਪਰਸੋਂ ਤੁਹਾਡੇ ਪਾਸ ਆਵੇਗਾ। ਉਸ ਦੇ ਦੰਦ ਰਤਾ ਸੁਹਣੇ ਬਣਾਉਣਾ।

ਡਾਕਟਰ — ਫ਼ਿਕਰ ਨਾ ਕਰ।

ਸਰੂਪ — ਹੱਛਾ ਮੈਂ ਚਲਦਾ ਹਾਂ। ਜੇ ਕਦੀ ਜਲੰਧਰ ਆਵੇਂ ਤਾਂ ਮੈਨੂੰ ਜ਼ਰੂਰ ਮਿਲੀਂ। ਰੇਲਵੇ ਰੋਡ ਉਤੇ ਥਾਣੇ ਪਾਸ ਈ ਭਠੂਰਿਆਂ ਦੀ ਹੱਟੀ ਏ — ਉਸ ਦੀ ਖੱਬੀ ਨੁਕਰੇ ਮੇਰੀ ਦੁਕਾਨ ਏ। ਬਾਹਰ ਬੋਰਡ ਲਗਿਆ ਏ — 'ਅੱਖਾਂ ਦਾ ਹਸਪਤਾਲ'। ਆਵੇਂਗਾ ਨਾ?

ਡਾਕਟਰ — ਹਾਂ, ਜ਼ਰੂਰ!

ਸਰੂਪ — ਚੰਗਾ, ਮੈਂ ਚਲਦਾ ਹਾਂ।

ਡਾਕਟਰ — ਚਾਹ ਤਾਂ ਪੀ ਜਾ।

ਸਰੂਪ — ਨਹੀਂ ਮੈਨੂੰ ਦੇਰ ਹੁੰਦੀ ਏ। ਮੈਂ ਚਲਦਾ ਹਾਂ। ਯਾਰ ਤੇਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ। ਸਤਿ ਸ੍ਰੀ ਅਕਾਲ।

ਡਾਕਟਰ ਤੇ ਸਤਵੰਤ } ਸਤਿ ਸ੍ਰੀ ਅਕਾਲ।

[ਸਰੂਪ ਚਲਾ ਜਾਂਦਾ ਹੈ।

ਸਤਵੰਤ — ਤੁਸੀਂ ਝੱਟ ਚਾਹ ਨੂੰ ਪੁੱਛ ਲਿਆ ? ਘਰ ਵਿਚ ਦੁੱਧ ਖੰਡ ਕਿਥੇ ਸੀ ?

ਡਾਕਟਰ — ਕੀ ਕਰਦਾ, ਘਰ ਆਏ ਨੂੰ ਛੇਕੜ ਪੁਛਣਾ ਈ ਹੋਇਆ।

ਸਤਵੰਤ — ਮੈਂ ਤੁਹਾਨੂੰ ਆਖਿਆ ਸੀ ਨਾ, ਦੁਧ ਦਹੀਂ ਦੀ ਦੁਕਾਨ ਖੋਲ ਲਓ। ਜੇ ਮੇਰੀ ਗੱਲ ਮਨੀ ਹੁੰਦੀ ਤਾਂ ਭਾਵੇਂ ਆਪਣੇ ਸਾਰੇ ਦੋਸਤਾਂ ਨੂੰ ਰੱਜ ਰੱਜ ਚਾਹ ਪਲਾਉਂਦੇ।

[ਠੱਕ ਠੱਕ।

ਡਾਕਟਰ — ਹਸ਼ਸ਼ ... ਸ਼, ਕੋਈ ਮਰੀਜ਼ !

ਸਤਵੰਤ — ਮੈਂ ਅੰਦਰ ਜਾਨੀ ਆਂ।

ਡਾਕਟਰ — ਛੇਤੀ ਜਾ ਕੇ ਅਲਾਰਮ ਵਜਾ। ਇਹ ਜ਼ਰੂਰ ਕਲ੍ਹ ਵਾਲਾ ਮਰੀਜ਼ ਏ।

[ਸਤਵੰਤ ਅਲਾਰਮ ਦੀ ਘੰਟੀ ਵਜਾਉਂਦੀ ਹੈ ਤੇ ਡਾਕਟਰ ਟੈਲੀਫ਼ੋਨ ਚੁਕ ਕੇ ਗੱਲਾਂ ਕਰਨ ਲੱਗ ਪੈਂਦਾ ਹੈ।

ਹੈਲੋ ! ਹਾਂ — ਮੈਂ ਚਪੜਾਸੀ ਨੂੰ ਦਵਾਈ ਦੇ ਕੇ ਘਲ ਦਿਤਾ ਏ।

[ਠੱਕ ਠੱਕ।

ਆ ਜਾਓ !

[ਇਕ ਗ਼ਰੀਬ ਜਿਹਾ ਆਦਮੀ ਅੰਦਰ ਵੜਦਾ ਹੈ। ਉਸ ਦੇ ਇਕ ਹੱਥ ਵਿਚ ਥੈਲਾ ਹੈ ਤੇ ਦੂਜੇ ਵਿਚ ਪੇਚ-ਕੱਸ ਤੇ ਜਮੂਰੀ। ਉਹ ਆ ਕੇ ਚੁਪ ਚਾਪ ਖੜੋ ਜਾਂਦਾ ਹੈ।

ਡਾਕਟਰ — (ਉਸੇ ਤਰ੍ਹਾਂ) ਹਾਂ ... ਹਾਂ — ਢਿੱਡ ਤੇ ਦੰਦਾਂ ਦਾ ਖ਼ਾਸ ਤਅੱਲਕ ਏ। ਤੁਹਾਨੂੰ ਪਤਾ ਏ ਨਾ — ਹਾ ਹਾ ਹਾ — ਦੰਦ ਸਾਡੇ ਸਰੀਰ ਦੀ ਹਵੇਲੀ ਦਾ ਬੂਹਾ ਹਨ! ਠੀਕ ਠੀਕ — ਜੀ ? ਹਾਂ ਢਿੱਡ ਦੀਆਂ ਸਾਰੀਆਂ ਬਿਮਾਰੀਆਂ ਦਾ ਕਾਰਨ ਇਹ ਦੰਦ ਹਨ — ਬਿਲਕੁਲ ... ... ਹਾਂ ... ... ਤੁਸੀਂ ਇਹ ਦੰਦ ਕਢਵਾ ਦਿਉ, ਨਹੀਂ ਤਾਂ ਤੁਹਾਡੇ ਬਾਕੀ ਦੇ ਵੀ ਡਿਗ ਪੈਣਗੇ।

ਆਦਮੀ — ਜੀ ਮੈਂ......।

ਡਾਕਟਰ — ਉਏ ਭਈ ਉਥੇ ਬਹਿ ਜਾ। ਮੈਂ ਕਿਸੇ ਨਾਲ ਗੱਲ ਕਰ ਰਿਹਾ ਹਾਂ। ਦਿਸਦਾ ਨਹੀਂ ਕਿੰਨਾ ਮਸਰੂਫ਼ ਹਾਂ ? (ਟੈਲੀਫ਼ੋਨ ਉੱਤੇ) ਹਾਂ ਜੀ — ਮੈਂ ਦਵਾਈ ਘੱਲ ਦਿਤੀ ਏ ... ਮੈਨੂੰ ਯਕੀਨ ਏ ਕਿ ਰਾਤ ਤੀਕ ਤੁਹਾਡੇ ਸਾਰੇ ਦੰਦ —

ਆਦਮੀ — ਜੀ ਮੈਨੂੰ ਬਹੁਤ ਛੇਤੀ ...

ਡਾਕਟਰ — ਛੇਤੀ ... ਕੀ ਆਖਿਆ ... ਛੇਤੀ ? ਜੇ ਛੇਤੀ ਏ — (ਟੈਲੀਫ਼ੋਨ ਉੱਤੇ) ਹਾਂ ਛੇਤੀ ਈ ... ਨਹੀਂ ਨਹੀਂ ... ਮਾਫ਼ ਕਰਨਾ ਮੈਂ ਦੂਜੇ ਮਰੀਜ਼ ਨਾਲ ਗੱਲ ਕਰ ਰਿਹਾ ਸਾਂ ... ਛੇਤੀ ਹੀ ਆਰਾਮ ਆ ਜਾਵੇਗਾ। ਮੈਂ ਇਕ ਇੰਜੈਕਸ਼ਨ ਘਲ ਰਿਹਾ ਹਾਂ।

ਆਦਮੀ — (ਉਠ ਕੇ) ਜੀ ਮੈਂ ....

ਡਾਕਟਰ — (ਤੰਗ ਆ ਕੇ ਤੇ ਗ਼ੁਸੇ ਵਿਚ ਟੈਲੀਫੋਨ ਬੰਦ ਕਰਕੇ) ਉਫ਼

... ... ਫ਼ ! ਕਿਹੋ ਜਿਹੇ ਲੋਕ ਆ ਵੜਦੇ ਨੇ । ਜ਼ਰਾ ਤਮੀਜ਼ ਨਹੀਂ । ਟੈਲੀਫ਼ੋਨ ਤੇ ਗੱਲ ਨਹੀਂ ਕਰਨ ਦਿੰਦੇ । ਹਾਂ, ਆਖ ਕੀ ਆਖਦਾ ਏਂ ! ਉਦੇ ਭਈ ਹੁਣ ਦੱਸ ਤੈਨੂੰ ਕੀ ਤਕਲੀਫ਼ ਏ ! ਦਾੜ੍ਹ ਪੀੜ ਏ ?

ਆਦਮੀ — ਜੀ ਨਹੀਂ, ਮੈਂ ...

ਡਾਕਟਰ — (ਕੁਰਸੀ ਤੋਂ ਉਠ ਕੇ ਉਸ ਵੱਲ ਵਧਦੇ ਹੋਏ) ਮੈਂ ਮੈਂ ਕੀ ਲਾਈ ਏ ? ਤੇਰੇ ਦੰਦਾਂ ਨੂੰ ਕੀੜਾ ਲਗਿਆ ਏ ? ਕਿ ਪਾਇਓਰੀਆ ਏ ? ਕੀ ਏ ਤੈਨੂੰ ? ਬੋਲ !

ਆਦਮੀ — ਜੀ ਮੈਨੂੰ ਦੰਦਾਂ ਦੀ ਕੋਈ ਤਕਲੀਫ਼ ਨਹੀਂ ।

ਡਾਕਟਰ — ਫੇਰ ਕੀ ਏ ? — ਢਿੱਡ ਪੀੜ ਏ ? ਤਿੱਲੀ ਵਿਚ ਦਰਦ ਏ ਕਿ ਗੁਰਦੇ ਵਿਚ ? ਕਿ ਫੇਫੜਿਆਂ ਵਿਚ ਪਾਣੀ ਪੈ ਗਿਆ ਏ ? ਕੀ ਰੋਗ ਏ ਤੈਨੂੰ ?

ਆਦਮੀ — (ਘਬਰਾ ਕੇ) ਜੀ ਮੈਂ ਟੈਲੀਫ਼ੋਨ ਦੇ ਦਫ਼ਤਰੋਂ ਆਇਆ ਹਾਂ । ਤੁਸੀਂ ਆਖ ਭੇਜਿਆ ਸੀ ਨਾ ਕਿ ਤੁਹਾਡੇ ਟੈਲੀਫ਼ੋਨ ਨੂੰ ਕਨੈਕਸ਼ਨ ਚਾਹੀਦਾ ਏ । ਸੋ ਉਹਨਾਂ ਮੈਨੂੰ ਭੇਜਿਆ ਏ ਕਿ ਤੁਹਾਡੇ ਟੈਲੀਫ਼ੋਨ ਨੂੰ ਕਨੈਕਸ਼ਨ ਦੇ ਦਵਾਂ ।

ਡਾਕਟਰ — (ਹਵਾ ਵਿਚ ਤੱਕਦੇ ਹੋਏ) ਕੀ ... ... ਕੀ ?

[ਉਹ ਆਦਮੀ ਆਪਣੇ ਥੈਲੇ ਵਿਚੋਂ ਸੰਦ ਕਢਦਾ ਹੈ, ਤੇ ਜਮੂਰ ਤੇ ਪੇਚਕੱਸ ਮੇਜ਼ ਉਤੇ ਰਖਦਾ ਹੈ । ਡਾਕਟਰ ਪਿਆਰਾ ਸਿੰਘ ਪਲਟਾ ਦੇ ਹਥੋਂ ਟੈਲੀਫ਼ੋਨ ਡਿੱਗ ਪੈਂਦਾ ਹੈ । ਬੂਹਾ ਖੋਲ੍ਹ ਕੇ ਸਤਵੰਤ ਆਉਂਦੀ ਹੈ ਤੇ ਹੱਕੀ ਬੱਕੀ ਖਲੋ ਜਾਂਦੀ ਹੈ ।

ਪਰਦਾ